ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ "ਦੇਸ਼ ਦੁਆਬਾ" ਵੱਲੋਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ


11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE - 45
February 15, 2023



Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਮੂਹ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਮਨਾਇਆ



ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ 19 ਫਰਵਰੀ 2023 ਦਿਨ ਐਤਵਾਰ ਨੂੰ, ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ 5 ਮਾਰਚ 2023 ਦਿਨ ਐਤਵਾਰ ਨੂੰ, ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ 12 ਮਾਰਚ 2023 ਦਿਨ ਐਤਵਾਰ ਨੂੰ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ (ਪ੍ਰਾਪਰਟੀ) ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 26 ਮਾਰਚ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵੇਂ ਪ੍ਰਕਾਸ਼ ਦਿਹਾੜੇ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਸਬੰਧਤ ਗੁਰੂ ਘਰਾਂ ਨਾਲ ਸੰਪਰਕ ਕਰੋ ਜੀ। **-ਸੰਪਾਦਕ**





**ਪਿਟਸਬਰਗ (ਬਿਊਰੋ)-** ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। 3 ਫਰਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ।

4 ਫਰਵਰੀ ਦਿਨ ਸ਼ਨੀਵਾਰ ਨੂੰ ਸਵੇਰੇ 7 ਵਜੇ ਪ੍ਰਭਾਤ ਫੇਰੀ ਗੁਰੂ ਚਰਨਾਂ ਵਿਚ ਅਰਦਾਸ ਕਰਕੇ ਆਰੰਭ ਹੋਈ, ਜਿਸ ਮੌਕੇ ਦੂਰੋਂ-ਨੇੜਿਓਂ ਸੰਗਤਾਂ ਹੁੰਮ ਹੁੰਮਾ ਕੇ ਪਹੁੰਚੀਆਂ। 11 ਵਜੇ ਬਲਬੀਰ ਬਾਘਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਗਈ ਅਤੇ ਗੁਰੂ ਘਰ ਦੇ ਭਾਈ ਸਾਹਿਬ, ਭਾਈ ਬਲਵਿੰਦਰ ਸਿੰਘ ਜੀ ਦੇ ਰਾਗੀ ਜਥੇ ਵੱਲੋਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। 4 ਫਰਵਰੀ ਸ਼ਾਮੀ 6 ਵਜੇ ਗੁਰੂ ਘਰ ਵਿਖੇ ਦੀਵਾਨ ਸਜਾਏ ਗਏ, ਜਿਸ ਵਿਚ ਪੰਜਾਬੀ ਸਕੂਲ ਦੇ ਬੱਚਿਆਂ ਨੇ ਜਿਵੇਂ ਹਰਕਬੀਰ ਸਿੰਘ ਘੂਰਾ, ਆਇਸ਼ਾ ਪਾਲ, ਲਿਆਨਾ ਪਾਲ, ਨੋਰਾ ਜੱਗੀ, ਐਮਾ ਜੱਗੀ, ਐਲਿਸਾ ਸਰੋਇਆ, ਅਨਹਦ ਸਿੰਘ, ਅਵਨੀਤ ਕੌਰ, ਵੈਰੋਨਿਲਾ ਸੂਦ, ਅਰੁਨ ਸੂਦ, ਸੁਲਤਾਨ ਸਿੰਘ, ਮਾਨਵੀ ਰਵਿੰਦਰ, ਸੋਨਮ ਰਵਿੰਦਰ ਅਤੇ ਉਹਨਾਂ ਦੇ ਸਤਿਕਾਰਯੋਗ ਅਤੇ ਅਧਿਆਪਕ ਰਵਨੀਤ ਕੌਰ ਘੂਰਾ, ਨਵਦੀਪ ਕੌਰ ਨੇ ਕੀਰਤਨ ਦੁਆਰਾ ਹਾਜ਼ਰੀ ਲਗਵਾਈ ਅਤੇ ਉਪਰੰਤ ਭਾਈ ਸੁਬੇਗ ਸਿੰਘ ਜੀ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।


**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 21 ਤੋਂ 26 'ਤੇ)**


# ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਕਿਹਾ- ਰੂਸ ਨੂੰ ਤੁਰੰਤ ਛੱਡ ਦਿਓ

**ਮਾਸਕੋ (ਬਿਊਰੋ)-** ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਤੁਰੰਤ ਰੂਸ ਛੱਡਣ ਦੀ ਚਿਤਾਵਨੀ ਦਿੱਤੀ ਹੈ। ਅਮਰੀਕਾ ਨੇ ਯੂਕਰੇਨ ਵਿੱਚ ਜੰਗ ਅਤੇ ਰੂਸੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਮਨਮਾਨੇ ਗ੍ਰਿਫਤਾਰੀ ਅਤੇ ਤਸੀਹੇ ਦੇ ਜੋਖਮ ਦਾ ਹਵਾਲਾ ਦਿੱਤਾ। ਰੂਸ ਦੀ ਵਿਦੇਸ਼ੀ ਜਾ-ਸੂਸੀ ਸੇਵਾ ਨੇ ਸੋਮਵਾਰ ਨੂੰ ਕਿਹਾ ਕਿ ਉਸ ਨੂੰ ਖੁਫੀਆ ਜਾਣਕਾਰੀ ਮਿਲੀ ਸੀ ਕਿ ਅਮਰੀਕੀ ਫੌਜ ਰੂਸ ਅਤੇ ਸਾਬਕਾ ਸੋਵੀਅਤ ਸੰਘ ਦੇ ਟਿਕਾਣਿਆਂ 'ਤੇ ਹਮਲਾ ਕਰਨ ਲਈ ਇਸਲਾਮਿਕ ਅੱਤਵਾਦੀਆਂ ਨੂੰ ਤਿਆਰ ਕਰ ਰਹੀ ਹੈ। ਦੋਵੇਂ ਦੇਸ਼ਾਂ ਨੇ ਇਕ ਦੂਜੇ 'ਤੇ ਗੰਭੀਰ ਦੋਸ਼ ਲਗਾਏ ਹਨ।



ਮਾਸਕੋ ਵਿੱਚ ਅਮਰੀਕੀ ਦੂਤਾਵਾਸ ਨੇ ਕਿਹਾ, 'ਰੂਸ ਵਿੱਚ ਰਹਿ ਰਹੇ ਜਾਂ ਯਾਤਰਾ ਕਰਨ ਵਾਲੇ ਅਮਰੀਕੀ ਨਾਗਰਿਕਾਂ ਨੂੰ ਤੁਰੰਤ ਛੱਡ ਦੇਣਾ ਚਾਹੀਦਾ ਹੈ। ਗਲਤ ਤਰੀਕੇ ਨਾਲ ਨਜ਼ਰਬੰਦ ਕੀਤੇ ਜਾਣ ਦੇ ਜੋਖਮ ਤੋਂ ਬਚਣ ਲਈ ਸਾਵਧਾਨੀ ਵਰਤੋ। ਰੂਸ ਦੀ ਯਾਤਰਾ ਨਾ ਕਰੋ।

ਅਮਰੀਕਾ ਕਈ ਵਾਰ ਆਪਣੇ ਨਾਗਰਿਕਾਂ ਨੂੰ ਰੂਸ ਛੱਡਣ ਦੀ ਚਿਤਾਵਨੀ ਦਿੰਦਾ ਰਿਹਾ ਹੈ। ਪਿਛਲੀ ਵਾਰ ਅਜਿਹੀ ਜਨਤਕ ਚੇਤਾਵਨੀ ਪਿਛਲੇ ਸਾਲ ਸਤੰਬਰ ਵਿੱਚ ਆਈ ਸੀ, ਜਦੋਂ ਰਾਸ਼ਟਰਪਤੀ


**(ਬਾਕੀ ਸਫਾ 3 'ਤੇ)**




DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਜਨਮ ਦਿਹਾੜਾ ਮਿਤੀ 17, 18 ਅਤੇ 19 ਫਰਵਰੀ 2023 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਪਾਸੋਂ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸੰਗਤ ਦੇ ਸੇਵਾਦਾਰ

ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437

**ਪ੍ਰੋਗਰਾਮਾਂ ਦਾ ਵੇਰਵਾ**

ਮਿਤੀ 17 ਫਰਵਰੀ, 2023
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ

ਮਿਤੀ 19 ਫਰਵਰੀ 2023
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 11 ਵਜੇ, ਉਪਰੰਤ ਗੁਰੂ ਕੇ ਕੀਰਤਨੀ ਸਿੰਘ, ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

Address: 2650 Blaine Avenue Selma (CA) 93662



# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA, MasterCard, AMERICAN EXPRESS, DISCOVER NETWORK





1003 Moffat Blvd, Manteca CA 95336

209-239-1551

# ਐਲਕ ਗਰੋਵ ਦੀ ਮੇਅਰ ਬੌਬੀ ਸਿੰਘ-ਐਲਨ ਨੇ ਸਾਕਾ ਨਕੋਦਰ ਦੇ 37 ਵੇਂ ਸ਼ਹੀਦੀ ਦਿਹਾੜੇ ਮੌਕੇ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੱਤੀ

**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)-** ਕੈਲੀਫੋਰਨੀਆ ਸੂਬੇ ਦੇ ਸ਼ਹਿਰ ਐਲਕ ਗਰੋਵ ਦੀ ਮੇਅਰ ਬੌਬੀ ਸਿੰਘ-ਐਲਨ ਨੇ ਸਾਕਾ ਨਕੋਦਰ ਦੇ 37 ਵੇਂ ਸ਼ਹੀਦੀ ਦਿਹਾੜੇ ਮੌਕੇ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੰਦਿਆਂ ਘੋਸ਼ਣਾ ਪੱਤਰ ਜਾਰੀ ਕੀਤਾ ਹੈ। ਘੋਸ਼ਣਾ ਪੱਤਰ ਵਿੱਚ ਲਿਖਿਆ ਹੈ ਕਿ 4 ਫ਼ਰਵਰੀ 1986 ਨੂੰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਸ਼ਾਂਤਮਈ ਰੋਸ ਮਾਰਚ ਤੇ ਪੰਜਾਬ ਪੁਲਿਸ ਵਲੋਂ ਨਿਹੱਥੇ ਸਿੱਖ ਨੌਜਵਾਨਾਂ ਰਵਿੰਦਰ ਸਿੰਘ, ਬਲਧੀਰ ਸਿੰਘ, ਝਿਲਮਣ ਸਿੰਘ ਅਤੇ ਹਰਮਿੰਦਰ ਸਿੰਘ ਨੂੰ ਕਤਲ ਕਰ ਦਿੱਤਾ ਸੀ ਅਤੇ ਸਿੱਖ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਦੱਸ ਗੁਰੂ ਸਾਹਿਬਾਨ ਦੀ ਜਾਗਤ ਜੋਤ ਮੰਨਦੇ ਹਨ। ਇਸ ਦੁਖਦਾਈ ਘਟਨਾ ਨੂੰ ਵਾਪਰੇ 37 ਸਾਲਾਂ ਤੋਂ ਵੱਧ ਸਮੇਂ ਵਿੱਚ, ਪੀੜਤ ਪਰਿਵਾਰ ਸੱਚਾਈ, ਨਿਆਂ, ਜਵਾਬਦੇਹੀ ਅਤੇ ਨਿਬੇੜੇ ਲਈ ਲੜਨ ਦੇ ਆਪਣੇ ਯਤਨਾਂ ਵਿੱਚ ਅਡੋਲ ਰਹੇ, ਜਦੋਂ ਕਿ ਸਾਰੇ ਲੋਕਾਂ ਵਿੱਚ ਆਪਸੀ ਸਮਝ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਨ ਲਈ ਸਵੀਕਾਰਤਾ ਅਤੇ ਸ਼ਮੂਲੀਅਤ ਦੇ ਸਿਧਾਂਤਾਂ ਨੂੰ ਸਾਂਝਾ ਕਰਨਾ ਜਾਰੀ ਰੱਖਿਆ।

ਹਰ ਸਾਲ, ਦੁਨੀਆ ਭਰ ਦੇ ਭਾਈਚਾਰੇ ਅਤੇ ਸੰਸਥਾਵਾਂ, ਸਮੇਤ ਕੈਲੀਫੋਰਨੀਆ ਰਾਜ ਵਿੱਚ ਬਹੁਤ ਸਾਰੇ, ਸਾਕਾ ਨਕੋਦਰ ਦਿਵਸ ਨੂੰ ਦੁਖਾਂਤ ਬਾਰੇ ਜਾਗਰੂਕਤਾ ਪੈਦਾ ਕਰਨ, ਪੀੜਤਾਂ ਲਈ ਨਿਆਂ ਸੁਰੱਖਿਅਤ ਕਰਨ ਅਤੇ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਚੱਲ ਰਹੇ ਯਤਨਾਂ ਦਾ ਸਮਰਥਨ ਕਰਨ, ਅਤੇ ਸਿੱਖ ਭਾਈਚਾਰੇ ਲਈ ਪੀੜ੍ਹੀ-ਦਰ-ਪੀੜ੍ਹੀ ਅਤੇ ਭਾਈਚਾਰਕ ਜ਼ਖਮਾਂ ਤੇ ਮਰ੍ਹਮ ਲਗਾਉਣ ਦੀ ਲੋੜ ਨੂੰ ਉਤਸ਼ਾਹਿਤ ਕਰਨ ਦੇ ਮੌਕੇ ਵਜੋਂ ਮਨਾਉਂਦੇ ਹਨ।



ਅੱਜ, ਐਲਕ ਗਰੋਵ ਦਾ ਸ਼ਹਿਰ ਇਸਦੀ ਵਿਭਿੰਨਤਾ ਨੂੰ ਪਛਾਣਨਾ ਚਾਹੁੰਦਾ ਹੋਇਆ ਭਾਈਚਾਰੇ ਅਤੇ ਸਾਰੇ ਨਿਵਾਸੀਆਂ ਨੂੰ ਅਮਰੀਕਾ ਵਿੱਚ ਰਹਿ ਰਹੇ ਸਿੱਖਾਂ ਦੀਆਂ ਇਨ੍ਹਾਂ ਸਾਖੀਆਂ ਨੂੰ ਸਮਝਣ, ਪਛਾਨਣ ਅਤੇ ਕਦਰ ਕਰਨ ਲਈ ਆਖਦਾ ਹੈ।

ਹੁਣ, ਇਸ ਲਈ, ਇਹ ਘੋਸ਼ਣਾ ਕੀਤੀ ਜਾਵੇ ਕਿ ਮੈਂ ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ-ਐਲਨ, ਇੱਥੇ 4 ਫਰਵਰੀ, 2023 ਨੂੰ ਸਾਕਾ ਨਕੋਦਰ ਦਿਵਸ ਵਜੋਂ ਘੋਸ਼ਿਤ ਕਰਦੀ ਹਾਂ, ਅਤੇ ਬਹੁਤ ਸਾਰੇ ਵਿਅਕਤੀਆਂ ਅਤੇ ਸੰਸਥਾਵਾਂ ਦੇ ਯਤਨਾਂ ਦੀ ਸ਼ਲਾਘਾ ਕਰਦੀ ਹਾਂ, ਜੋ ਸਾਕਾ ਨਕੋਦਰ ਦੀ ਯਾਦ ਵਿੱਚ ਇਹ ਦਿਵਸ, ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਣ, ਨਿਆਂ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਨ ।

# ਅਮਰੀਕਾ ਨੇ ਨਾਗਰਿਕਾਂ ਨੂੰ ਕਿਹਾ- ਰੂਸ ਨੂੰ ਤੁਰੰਤ ਛੱਡ ਦਿਓ

(ਸਫਾ 1 ਦੀ ਬਾਕੀ)

ਵਲਾਦੀਮੀਰ ਪੁਤਿਨ ਨੇ ਫੌਜ ਨੂੰ ਅੰਸ਼ਕ ਤੌਰ 'ਤੇ ਲਾਮਬੰਦ ਕਰਨ ਦਾ ਹੁਕਮ ਦਿੱਤਾ ਸੀ।

ਅਮਰੀਕੀ ਦੂਤਘਰ ਨੇ ਕਿਹਾ, 'ਰੂਸੀ ਸੁਰੱਖਿਆ ਸੇਵਾਵਾਂ ਨੇ ਅਮਰੀਕੀ ਨਾਗਰਿਕਾਂ ਨੂੰ ਮਨਘੜਤ ਦੋਸ਼ਾਂ 'ਚ ਗ੍ਰਿਫਤਾਰ ਕੀਤਾ ਹੈ। ਰੂਸ 'ਚ ਅਮਰੀਕੀ ਨਾਗਰਿਕਾਂ ਨੂੰ ਹਿਰਾਸਤ 'ਚ ਲੈਣ ਅਤੇ ਪਰੇਸ਼ਾਨ ਕਰਨ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਨਿਰਪੱਖ ਅਤੇ ਪਾਰਦਰਸ਼ੀ ਕਾਨੂੰਨੀ ਪ੍ਰਣਾਲੀ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਸ ਨੂੰ ਗੁਪਤ ਮੁਕੱਦਮੇ ਜਾਂ ਭਰੋਸੇਯੋਗ ਸਬੂਤ ਪੇਸ਼ ਕੀਤੇ ਬਿਨਾਂ ਦੋਸ਼ੀ ਠਹਿਰਾਇਆ ਗਿਆ ਹੈ। 'ਰੂਸੀ ਅਧਿਕਾਰੀਆਂ ਨੇ ਮਨਮਾਨੇ ਢੰਗ ਨਾਲ ਅਮਰੀਕੀ ਨਾਗਰਿਕ ਧਾਰਮਿਕ ਕਾਰਕੁਨਾਂ ਵਿਰੁੱਧ ਸਥਾਨਕ ਕਾਨੂੰਨ ਲਾਗੂ ਕੀਤੇ ਹਨ। ਇਸ ਦੇ ਨਾਲ ਹੀ ਧਾਰਮਿਕ ਗਤੀਵਿਧੀਆਂ 'ਚ ਲੱਗੇ ਅਮਰੀਕੀ ਨਾਗਰਿਕਾਂ ਖਿਲਾਫ ਸ਼ੱਕੀ ਅਪਰਾਧਿਕ ਜਾਂਚ ਸ਼ੁਰੂ ਕੀਤੀ ਗਈ ਹੈ। ਫੈਡਰਲ ਸਕਿਓਰਿਟੀ ਸਰਵਿਸ ਨੇ ਇਸ ਸਾਲ ਜਨਵਰੀ 'ਚ ਕਿਹਾ ਸੀ ਕਿ ਰੂਸ ਨੇ ਜਾਸੂਸੀ ਦੇ ਸ਼ੱਕ 'ਚ ਇਕ ਅਮਰੀਕੀ ਨਾਗਰਿਕ ਦੇ ਖਿਲਾਫ ਅਪਰਾਧਿਕ ਮਾਮਲਾ ਖੋਲ੍ਹਿਆ ਸੀ। ਰੂਸ ਦਾ ਦੋਸ਼ ਹੈ ਕਿ ਅਮਰੀਕਾ ਰੂਸ 'ਤੇ ਹਮਲਾ ਕਰਨ ਲਈ ਅੱਤਵਾਦੀਆਂ ਨੂੰ ਤਿਆਰ ਕਰ ਰਿਹਾ ਹੈ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸਹਿਯੋਗੀ ਦੀ ਅਗਵਾਈ ਵਾਲੀ ਰੂਸ ਦੀ ਵਿਦੇਸ਼ੀ ਖੁਫੀਆ ਸੇਵਾ (ਐਸਵੀਆਰ) ਨੇ ਕਿਹਾ ਕਿ ਉਸ ਕੋਲ ਖੁਫੀਆ ਜਾਣਕਾਰੀ ਹੈ ਕਿ ਇਸਲਾਮਿਕ ਸਟੇਟ ਅਤੇ ਅਲ ਕਾਇਦਾ ਨਾਲ ਜੁੜੇ ਸਮੂਹਾਂ ਤੋਂ ਅਜਿਹੇ 60 ਅੱਤਵਾਦੀਆਂ ਨੂੰ ਭਰਤੀ ਕੀਤਾ ਗਿਆ ਹੈ। ਉਸ ਨੂੰ ਸੀਰੀਆ ਵਿੱਚ ਇੱਕ ਅਮਰੀਕੀ ਬੇਸ ਵਿੱਚ ਸਿਖਲਾਈ ਦਿੱਤੀ ਜਾ ਰਹੀ ਸੀ।

ਐਸਵੀਆਰ ਨੇ ਕਿਹਾ, "ਉਨ੍ਹਾਂ ਨੂੰ ਡਿਪਲੋਮੈਟਾਂ, ਸਿਵਲ ਕਰਮਚਾਰੀਆਂ, ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਅਤੇ ਹਥਿਆਰਬੰਦ ਬਲਾਂ ਦੇ ਕਰਮਚਾਰੀਆਂ ਦੇ ਖਿਲਾਫ ਅੱਤਵਾਦੀ ਹਮਲਿਆਂ ਨੂੰ ਤਿਆਰ ਕਰਨ ਅਤੇ ਉਹਨਾਂ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਜਾਵੇਗਾ।"

# ਟੈਕਸਾਸ ਵਿਚ ਭਿਆਨਕ ਬਰਫ਼ੀਲੇ ਤੂਫਾਨ ਨੇ ਮਚਾਈ ਤਬਾਹੀ, 6 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਟੈਕਸਾਸ ਵਿਚ ਆਏ ਭਿਆਨਕ ਬਰਫੀਲੇ ਤੂਫਾਨ ਨੇ ਭਾਰੀ ਤਬਾਹੀ ਮਚਾਈ ਹੈ ਤੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਤੂਫਾਨ ਦੀ ਲਪੇਟ ਵਿਚ ਆ ਕੇ ਘੱਟੋ ਘੱਟ 6 ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਹਨ। ਰਾਜ ਵਿਚ ਸਾਢੇ 3 ਲੱਖ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਠੱਪ ਹੋ ਗਈ ਹੈ। 2300 ਤੋਂ ਵਧ ਹਵਾਈ ਉਡਾਣਾਂ ਰੱਦ ਕਰਨੀਆਂ ਪਈਆਂ ਹਨ। ਤੂਫਾਨ ਨੇ ਮਿਨੇਸੋਟਾ ਤੋਂ ਲੈ ਕੇ ਟੈਕਸਾਸ ਤੱਕ ਵਿਆਪਕ ਅਸਰ ਪਾਇਆ ਹੈ। ਸੜਕਾਂ ਆਵਾਜਾਈ ਦੇ ਕਾਬਲ ਨਹੀਂ ਰਹੀਆਂ ਤੇ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੌਮੀ ਮੌਸਮ ਸੇਵਾ ਨੇ ਲੋਕਾਂ ਨੂੰ ਸੜਕਾਂ ਦੀ ਵਰਤੋਂ ਨਾ ਕਰਨ ਲਈ ਕਿਹਾ ਹੈ। ਆਸਟਿਨ ਏਨਰਜੀ ਵਿਭਾਗ ਨੇ ਜਾਰੀ ਚਿਤਾਵਨੀ ਵਿਚ ਕਿਹਾ ਹੈ ਕਿ ਖਰਾਬ ਮੌਸਮ ਕਾਰਨ ਬਿਜਲੀ ਦੀ ਬਹਾਲੀ ਸਬੰਧੀ ਕੋਈ ਨਿਸਚਤ ਸਮਾਂ ਨਹੀਂ ਦਸਿਆ ਜਾ ਸਕਦਾ।



# ਅਮਰੀਕਾ ਦੀ ਇਕ ਅਦਾਲਤ ਨੇ ਨਫਰਤੀ ਅਪਰਾਧ ਦਾ ਸ਼ਿਕਾਰ ਹੋਏ ਸਿੱਖ ਦੇ ਹੱਕ ਵਿਚ ਦਿੱਤਾ ਫੈਸਲਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-**ਇਕ ਅਮਰੀਕੀ ਅਦਾਲਤ ਨੇ 2021 ਵਿਚ ਨਫਰਤੀ ਅਪਰਾਧ ਦਾ ਸ਼ਿਕਾਰ ਬਣੇ 66 ਸਾਲਾ ਬਜ਼ੁਰਗ ਸਿੱਖ ਰੂਬਲ ਕਲੇਰ ਦੇ ਹੱਕ ਵਿਚ ਫੈਸਲਾ ਦਿੱਤਾ ਹੈ ਤੇ ਮਾਮਲੇ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਘਟਨਾ 11 ਮਈ 2021 ਦੀ ਹੈ ਜਦੋਂ ਸਾਊਥ ਬੂਟੇ ਮਾਰਕਿਟ ਵਿਚ ਇਕ ਸਟੋਰ ਵਿੱਚ ਇਕ ਔਰਤ ਨੇ ਕਲੇਰ ਉਪਰ ਨਸਲੀ ਭੱਦੀਆਂ ਟਿਪਣੀਆਂ ਕੀਤੀਆਂ ਤੇ ਉਸ ਨੂੰ ਕਾਰ ਹੇਠ ਦਰੜ ਦੇਣ ਦੀ ਧਮਕੀ ਦਿੱਤੀ। ਬਾਅਦ ਵਿਚ ਕਲੇਰ ਦੇ ਘਰ ਦੇ ਬਾਹਰ ਇਤਰਾਜ਼ਯੋਗ ਟਿਪਣੀਆਂ ਚਾਕ ਨਾਲ ਲਿੱਖੀਆਂ ਮਿਲੀਆਂ। ਸਿੱਖ ਕੁਲੀਸ਼ਨ ਵੱਲੋਂ ਜਾਰੀ ਬਿਆਨ ਅਨੁਸਾਰ ਪੁਲਿਸ ਇਸ ਮਾਮਲੇ ਦੀ ਜਾਂਚ ਕਰਨ ਵਿਚ ਨਾਕਾਮ ਰਹੀ। ਇਥੋਂ ਤੱਕ ਕੇ ਅਫਸਰਾਂ ਨੇ ਸਬੂਤਾਂ ਨਾਲ ਛੇੜਛਾੜ ਵੀ ਕੀਤੀ ਤੇ ਕਲੇਰ ਦੇ ਘਰ ਦੇ ਬਾਹਰ ਲਿੱਖੀਆਂ ਨਸਲੀ ਟਿਪਣੀਆਂ ਤਸਵੀਰਾਂ ਲੈਣ ਤੋਂ ਪਹਿਲਾਂ ਹੀ ਮਿਟਾ ਦਿੱਤੀਆਂ। ਕਲੇਰ ਨੇ ਸੂਟਰ ਕਾਊਂਟੀ ਸ਼ੈਰਿਫ ਦਫਤਰ ਦੇ ਡਿਪਟੀਆਂ, ਸੂਟਰ ਕਾਊਂਟੀ ਤੇ ਔਰਤ ਵਿਰੁੱਧ 41 ਸਫਿਆਂ 'ਤੇ ਅਧਾਰਤ ਸਿਵਲ ਪਟੀਸ਼ਨ ਅਦਾਲਤ ਵਿਚ ਦਾਇਰ ਕੀਤੀ ਜਿਸ ਵਿਚ ਦੋਸ਼ ਲਾਇਆ ਕਿ ਉਸ ਵਿਰੁੱਧ ਹੋਏ ਨਸਲੀ ਅਪਰਾਧ ਦੀ ਉਚਿੱਤ ਜਾਂਚ ਨਹੀਂ ਹੋਈ।

ਸਿੱਖ ਕੁਲੀਸ਼ਨ ਨੇ ਕਿਹਾ ਹੈ ਕਿ ਅਦਾਲਤ ਦਾ ਫੈਸਲਾ ਨਾ ਕੇਵਲ ਕਲੇਰ ਬਲਕਿ ਸਮੁੱਚੇ ਸਿੱਖ ਭਾਈਚਾਰੇ ਲਈ ਵੱਡੀ ਅਹਿਮੀਅਤ ਰਖਦਾ ਹੈ। ਕੁਲੀਸ਼ਨ ਨੇ ਸੂਟਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਦਫਤਰ ਨੂੰ ਬੇਨਤੀ ਕੀਤੀ ਹੈ ਕਿ ਮਾਮਲੇ ਦੀ ਜਾਂਚ ਕਰਕੇ ਦੋਸ਼ੀ ਵਿਰੁੱਧ ਅਪਰਾਧਕ ਦੋਸ਼ ਆਇਦ ਕੀਤੇ ਜਾਣ।


ਸੋਹੰ

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

ਹਰਿ

ਸ਼੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)



ਸ਼੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ
ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ਼੍ਰੀ ਅਖੰਡ ਪਾਠ ਸਹਿਬ – 3 ਮਾਰਚ 2023, 10 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ – 4 ਮਾਰਚ 2023, 5 ਵਜੇ ਸ਼ਾਮੀ
ਭੋਗ ਸ਼੍ਰੀ ਅਖੰਡ ਪਾਠ ਸਾਹਿਬ – 5 ਮਾਰਚ 2023, ਸਵੇਰੇ 10 ਵਜੇ

ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ:

559-486-3091 'ਤੇ ਸੰਪਰਕ ਕੀਤਾ ਜਾ ਸਕਦਾ ਹੈ

Shri Guru Ravidass Sabha (CV) Fresno (California)
5025 S. Cherry Ave., Fresno (California) 93706

# ਭੱਟੀ ਨੇ ਹਿਮਾਚਲ ਦੇ ਮੁੱਖ ਮੰਤਰੀ ਸ਼੍ਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਮੁਲਾਕਾਤ ਕੀਤੀ

ਸ੍ਰੀ ਅਜੈਪਾਲ ਸਿੰਘ ਬਾਠ, ਸੰਯੁਕਤ ਰਾਜ ਅਮਰੀਕਾ ਵਿੱਚ ਹੋਟਲ ਉਦਯੋਗ ਵਿੱਚ ਇੱਕ ਸਫਲ ਕਾਰੋਬਾਰੀ ਅਤੇ ਕੈਲੀਫੋਰਨੀਆ ਤੋਂ ਸ਼੍ਰੀ ਪੀ.ਆਰ. ਭੱਟੀ ਨੇ 8 ਫਰਵਰੀ, 2023 ਨੂੰ ਹਿਮਾਚਲ ਪ੍ਰਦੇਸ਼ ਦੇ ਮਾਣਯੋਗ ਮੁੱਖ ਮੰਤਰੀ ਸ਼੍ਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਨਵੀਂ ਦਿੱਲੀ ਵਿੱਚ ਹਿਮਾਚਲ ਸਦਨ ਵਿਖੇ ਮੁਲਾਕਾਤ ਕੀਤੀ। ਮੁੱਖ ਮੰਤਰੀ ਅਤੇ ਸਰਕਾਰੀ ਅਧਿਕਾਰੀ ਪ੍ਰਵਾਸੀ ਭਾਰਤੀ ਵਫ਼ਦ ਨਾਲ ਰਾਜ ਵਿੱਚ ਵੱਖ-ਵੱਖ ਸੈਰ-ਸਪਾਟਾ ਸੰਭਾਵਨਾਵਾਂ ਬਾਰੇ ਚਰਚਾ ਕਰਕੇ ਖੁਸ਼ ਹੋਏ।ਮੁੱਖ ਮੰਤਰੀ ਨੇ ਪ੍ਰਵਾਸੀ ਭਾਰਤੀ ਰਾਜ ਵਿੱਚ ਨਿਵੇਸ਼ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਪ੍ਰੋਜੈਕਟ ਲਈ ਆਪਣੇ ਪੂਰਨ ਸਹਿਯੋਗ ਦਾ ਭਰੋਸਾ ਦਿਵਾਇਆ ਅਤੇ ਉਨ੍ਹਾਂ ਦੇ ਪ੍ਰਮੁੱਖ ਸਕੱਤਰ ਸ਼੍ਰੀ ਭਰਤ ਖੇੜਾ ਆਈ.ਏ.ਐਸ ਨੂੰ ਪ੍ਰਵਾਸੀ ਭਾਰਤੀ ਭਾਈਚਾਰੇ ਨੂੰ ਪੂਰਾ ਸਹਿਯੋਗ ਦੇਣ ਅਤੇ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ।ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪ੍ਰਵਾਸੀ ਭਾਰਤੀਆਂ ਲਈ ਹਿਮਾਚਲ ਪ੍ਰਦੇਸ਼ ਰਾਜ ਵਿੱਚ ਸੈਰ ਸਪਾਟੇ ਦੇ ਖੇਤਰ ਵਿੱਚ ਆਪਣੀ ਪਸੰਦ ਦੇ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਨ ਲਈ ਸਾਰੇ ਦਰਵਾਜ਼ੇ ਖੋਲ੍ਹੇਗੀ।ਉਨ੍ਹਾਂ ਇਹ ਵੀ ਕਿਹਾ ਕਿ ਉਹ ਜ਼ਿਲ੍ਹਾ ਕਾਂਗੜਾ ਨੂੰ ਸੈਰ ਸਪਾਟੇ ਦੀ ਰਾਜਧਾਨੀ ਬਣਾਉਣਾ ਚਾਹੁੰਦੇ ਹਨ।ਇਸ ਮੌਕੇ ਐਡਵੋਕੇਟ ਜਨਰਲ ਸ੍ਰੀ ਅਨੂਪ ਕੁਮਾਰ ਰਤਨ ਵੀ ਹਾਜ਼ਰ ਸਨ।


ਫਾਇਲ ਚਿੱਤਰ


ਫਾਇਲ ਚਿੱਤਰ

# ਬੀਬੀਸੀ ਦੇ ਦਿੱਲੀ-ਮੁੰਬਈ ਦਫ਼ਤਰ 'ਤੇ ਇਨਕਮ ਟੈਕਸ ਵਿਭਾਗ ਦੀ ਛਾਪੇਮਾਰੀ

**ਨਵੀਂ ਦਿੱਲੀ-** ਆਮਦਨ ਕਰ ਵਿਭਾਗ ਨੇ ਬ੍ਰਿਟਿਸ਼ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੇ ਦਫਤਰ 'ਤੇ ਛਾਪਾ ਮਾਰਿਆ ਹੈ। ਨਿਊਜ਼ ਏਜੰਸੀ ਏਐਨਆਈ ਨੇ ਸੂਤਰਾਂ ਦੇ ਹਵਾਲੇ ਤੋਂ ਦੱਸਿਆ ਕਿ ਆਈਟੀ ਟੀਮ ਨੇ ਮੰਗਲਵਾਰ ਸਵੇਰੇ ਦਿੱਲੀ ਅਤੇ ਮੁੰਬਈ ਵਿੱਚ ਬੀਬੀਸੀ ਦੇ ਦਫ਼ਤਰਾਂ ਵਿੱਚ ਛਾਪੇਮਾਰੀ ਕੀਤੀ। ਜਾਣਕਾਰੀ ਅਨੁਸਾਰ ਆਈਟੀ ਅਧਿਕਾਰੀ ਸਵੇਰੇ ਬੀਬੀਸੀ ਦਫ਼ਤਰ ਪੁੱਜੇ ਅਤੇ ਮੁਲਾਜ਼ਮਾਂ ਦੇ ਫ਼ੋਨ ਸਵਿੱਚ ਆਫ਼ ਹੋ ਗਏ।

ਦਿੱਲੀ 'ਚ ਬੀਬੀਸੀ ਦਾ ਦਫ਼ਤਰ ਕੇਜੀ ਮਾਰਗ ਉੱਤੇ ਐਚਟੀ ਹਾਊਸ ਦੀ ਇਮਾਰਤ ਵਿੱਚ ਹੈ। ਬੀਬੀਸੀ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

ਕਾਂਗਰਸ ਨੇ ਬੀਬੀਸੀ ਦਫ਼ਤਰ 'ਤੇ ਛਾਪੇ ਨੂੰ ਅਣਐਲਾਨੀ ਐਮਰਜੈਂਸੀ ਕਰਾਰ ਦਿੱਤਾ ਹੈ। ਕਾਂਗਰਸ ਪਾਰਟੀ ਦੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਇੱਕ ਟਵੀਟ ਕੀਤਾ ਗਿਆ ਹੈ। ਟਵੀਟ 'ਚ ਲਿਖਿਆ ਸੀ, "ਪਹਿਲਾਂ ਬੀਬੀਸੀ ਦੀ ਡਾਕੂਮੈਂਟਰੀ ਆਈ, ਇਸ 'ਤੇ ਪਾਬੰਦੀ ਲਗਾ ਦਿੱਤੀ ਗਈ। ਹੁਣ ਆਈਟੀ ਨੇ ਬੀਬੀਸੀ 'ਤੇ ਛਾਪੇਮਾਰੀ ਕੀਤੀ।



ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇਡ ਪ੍ਰਾਈਸ ਨੇ ਕਿਹਾ ਕਿ ਅਸੀਂ ਭਾਰਤੀ ਟੈਕਸ ਅਧਿਕਾਰੀਆਂ ਦੁਆਰਾ ਦਿੱਲੀ ਵਿੱਚ ਬੀਬੀਸੀ ਦਫਤਰਾਂ ਦੀਆਂ ਕਾਰਵਾਈਆਂ ਤੋਂ ਜਾਣੂ ਹਾਂ। ਇਸ ਸਰਵੇਖਣ ਦੇ ਵੇਰਵਿਆਂ ਲਈ ਤੁਹਾਨੂੰ ਭਾਰਤੀ ਅਧਿਕਾਰੀਆਂ ਕੋਲ ਜਾਣ ਦੀ ਲੋੜ ਹੈ। ਨੇਡ ਪ੍ਰਾਈਸ ਨੇ ਕਿਹਾ ਕਿ ਮੈਂ ਇਸ ਕਾਰਵਾਈ 'ਤੇ ਸਿਰਫ ਇਹ ਕਹਾਂਗਾ ਇਹ ਇਕ ਆਮ ਮੁੱਦਾ ਹੈ। ਇਸ ਦੌਰਾਨ ਆਮਦਨ ਕਰ ਅਧਿਕਾਰੀਆਂ ਨੇ ਕਿਹਾ ਕਿ ਸਰਚ ਆਪਰੇਸਨ ਟੈਕਸ ਚੋਰੀ ਦੀ ਜਾਂਚ ਦਾ ਹਿੱਸਾ ਹੈ।

ਨੇਡ ਪ੍ਰਾਈਸ ਨੇ ਅੱਗੇ ਕਿਹਾ ਕਿ ਅਸੀਂ ਦੁਨੀਆ ਭਰ ਵਿਚ ਆਜ਼ਾਦ ਪ੍ਰੈੱਸ ਦੀ ਮਹੱਤਤਾ ਦਾ ਸਮਰਥਨ ਕਰਦੇ ਹਾਂ। ਅਸੀਂ ਮਨੁੱਖੀ ਅਧਿਕਾਰਾਂ ਵਜੋਂ ਪ੍ਰਗਟਾਵੇ ਦੀ ਆਜ਼ਾਦੀ ਅਤੇ ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਦੇ ਮਹੱਤਵ ਨੂੰ ਰੇਖਾਂਕਿਤ ਕਰਦੇ ਹਾਂ, ਜੋ ਵਿਸ਼ਵ ਭਰ ਵਿਚ ਲੋਕਤੰਤਰ ਨੂੰ ਮਜ਼ਬੂਤ ਕਰਨ 'ਚ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਭਾਰਤ ਦਾ ਲੋਕਤੰਤਰ ਮਜ਼ਬੂਤ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਵਿਸ਼ਵਵਿਆਪੀ ਅਧਿਕਾਰ ਦੁਨੀਆ ਭਰ ਦੇ ਲੋਕਤੰਤਰਾਂ ਦਾ ਆਧਾਰ ਹਨ।

# ਕੋਹਿਨੂਰ ਤੋਂ ਬ਼ਗੈਰ ਤਾਜ ਪਹਿਨੇਗੀ ਬ੍ਰਿਟੇਨ ਦੀ ਮਹਾਰਾਣੀ ਕੈਮਿਲਾ



**ਲੰਡਨ (ਬਿਊਰੋ)-** ਬ੍ਰਿਟੇਨ ਦੀ ਮਹਾਰਾਣੀ ਕੈਮਿਲਾ ਨੇ ਕੋਹਿਨੂਰ ਹੀਰੇ ਤੋਂ ਬ਼ਗੈਰ ਤਾਜ ਪਹਿਨਣ ਦਾ ਫ਼ੈਸਲਾ ਲਿਆ ਹੈ। ਮਹਾਰਾਣੀ ਕੈਮਿਲਾ ਅਤੇ ਉਨ੍ਹਾਂ ਦੇ ਪਤੀ ਮਹਾਰਾਜਾ ਚਾਰਲਸ ਤੀਜੇ ਦਾ ਮਈ 'ਚ ਵੈਸਟਮਿੰਸਟਰ 'ਚ ਰਾਜਤਿਲਕ ਕੀਤਾ ਜਾਵੇਗਾ। ਬਕਿੰਘਮ ਪੈਲੇਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਕੈਮਿਲਾ ਨੇ ਰਾਜਤਿਲਕ ਲਈ ਕਵੀਨ ਮੈਰੀ ਕ੍ਰਾਊਨ ਚੁਣਿਆ ਹੈ। ਇਸ ਦਾ ਅਰਥ ਇਹ ਹੈ ਕਿ ਇਹ ਕੇਵਲ ਦੁਨੀਆ ਦੇ ਸਭ ਤੋਂ ਵੱਡੇ ਹੀਰੇ ਦੀ ਨਕਲ ਹੋ ਸਕਦੀ ਹੈ। ਇਸ ਦਾ ਕਾਰਨ ਇਹ ਹੈ ਕਿ ਮੂਲ ਹੀਰਾ ਹੁਣ ਮਰਹੂਮ ਮਹਾਰਾਣੀ ਐਲਿਜ਼ਾਬੈਥ ਦੂਜੇ ਦੀ ਮਾਂ ਐਲਿਜ਼ਾਬੈਥ ਦੀ ਕੁਈਨ ਮਦਰ ਦੇ ਮੁਕਟ ਨੂੰ ਸੁਸ਼ੋਭਿਤ ਕਰਦਾ ਹੈ। ਪੈਲੇਸ ਨੇ ਕਿਹਾ ਹੈ ਕਿ ਕੁਈਨ ਮੈਰੀ ਕ੍ਰਾਊਨ ਨੂੰ ਛੇ ਮਈ ਨੂੰ ਹੋਣ ਜਾ ਰਹੇ ਸਮਾਰੋਹ ਲਈ ਲੰਡਨ ਦੇ ਟਾਵਰ ਤੋਂ ਹਟਾ ਲਿਆ ਗਿਆ ਹੈ। ਮਹਾਰਾਣੀ ਐਲਿਜ਼ਾਬੈਥ ਦੂਜੀ ਨੂੰ ਸ਼ਰਧਾਂਜਲੀ ਦੇਣ ਲਈ ਪ੍ਰਦਰਸ਼ਿਤ ਗਹਿਣਿਆਂ 'ਚ ਇਹ ਕ੍ਰਾਊਨ ਵੀ ਰੱਖਿਆ ਗਿਆ ਸੀ।







**ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਵਿਸ਼ਵ ਭਰ 'ਚ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ**

ਅਦਾਰਾ 'ਦੇਸ਼ ਦੁਆਬਾ' ਦੇ ਨਵੇਂ ਸਹਿਯੋਗੀ ਸ੍ਰੀ ਰਾਜ ਗੁਰੂ



# ਅੰਤਰਰਾਸ਼ਟਰੀ ਹਵਾਈ ਅੱਡਾ-ਜਿੱਥੇ ਬਣਿਆ ਮਸਲਾ ਵੱਡਾ

## ਸਵਾਰੀਆਂ ਤਾਂ ਉਤਰੀਆਂ ਸਮਾਨ ਨਹੀਂ ਉਤਰਿਆ-ਹਵਾਂ ਨੇ ਨਹੀਂ ਖੋਲ੍ਹਣ ਦਿੱਤੇ ਦਰਵਾਜ਼ੇ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਔਕਲੈਂਡ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਇਸ ਵੇਲੇ ਅੰਤਰਰਾਸ਼ਟਰੀ ਸਵਾਰੀਆਂ ਦੀ ਸਥਿਤੀ ਬੜੀ ਪ੍ਰੇਸ਼ਾਨੀ ਵਾਲੀ ਬਣੀ ਹੋਈ ਹੈ। ਮਸਲਾ ਵੱਡਾ ਬਣ ਗਿਆ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜਿਹੜੇ ਅੰਤਰ-ਰਾਸ਼ਟਰੀ ਸਵਾਰੀਆਂ ਲੈ ਕੇ ਆਏ ਜਹਾਜ਼ ਸੁਰੱਖਿਅਤ ਉਤਰ ਗਏ ਸਨ ਉਨ੍ਹਾਂ ਦੀਆਂ ਸਵਾਰੀਆਂ ਤਾਂ ਪੈਸੰਜਰ ਡੌਕ ਰਾਹੀਂ ਉਤਰ ਗਈਆਂ, ਪਰ ਸਵਾਰੀਆਂ ਦਾ ਸਮਾਨ ਨਹੀਂ ਲਾਹਿਆ ਜਾ ਸਕਿਆ। ਹਵਾ ਦਾ ਦਬਾਅ ਹੀ ਐਨਾ ਸੀ ਕਿ ਖਤਰੇ ਵਾਲਾ ਕੰਮ ਹੋ ਗਿਆ ਸੀ। ਇਸ ਵੇਲੇ ਸਮਾਨ ਦੀ ਲਿਸਟ ਬਣ ਰਹੀ ਹੈ, ਫਾਈਲਾਂ ਤਿਆਰ ਹੋ ਰਹੀਆਂ ਹਨ ਤਾਂ ਕਿ ਲੋਕਾਂ ਨੂੰ ਬਾਅਦ ਵਿਚ ਘਰੋਂ-ਘਰੀਂ ਸਮਾਨ ਦਿੱਤਾ ਜਾ ਸਕੇ। ਬਹੁਤ ਸਾਰੇ ਲੋਕ ਅਜੇ ਬੈਲਟਾਂ ਦੇ ਲਾਗੇ ਸਮਾਨ ਦੀ ਉਡੀਕ ਵੀ ਕਰ ਰਹੇ ਹਨ। ਆਸਟਰੇਲੀਆ (ਸਿਡਨੀ) ਅਤੇ ਫੀਜ਼ੀ (ਨਾਡੀ) ਦੀਆਂ ਫਲਾਈਟਾਂ ਏਅਰਪੋਰਟ ਵੈਬ ਸਾਈਟ ਉਤੇ ਲੈਂਡ ਹੋਈਆਂ ਵਿਖਾਈ ਦੇ ਰਹੀਆਂ ਹਨ। ਅਮਰੀਕਾ ਦੀ ਇਕ ਫਲਾਈਟ ਵੀ 10 ਵਜੇ ਅਪੜਨ ਵਾਲੀ ਹੈ। 15 ਤਰੀਕ ਵਾਲੀਆਂ ਬਹੁਤੀਆਂ ਫਲਾਈਟਾਂ ਵੀ ਇਥੋਂ ਨਹੀਂ ਉਡਾਣਾ ਭਰ ਰਹੀਆਂ ਕੈਂਸਲ ਕਰ ਦਿੱਤੀਆਂ ਗਈਆਂ ਹਨ।

# ਅਮਰੀਕੀ ਫੌਜ ਨੇ ਮਿਸ਼ੀਗਨ ਉਪਰ ਉੱਡ ਰਹੀ ਇਕ ਹੋਰ ਵਸਤੂ ਨੂੰ ਮਿਜ਼ਾਈਲ ਮਾਰ ਕੇ ਕੀਤਾ ਤਬਾਹ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕੀ ਫੌਜ ਨੇ ਇਕ ਵੱਡੀ ਕਾਰਵਾਈ ਕਰਦਿਆਂ ਮਿਸ਼ੀਗਨ ਉਪਰ ਉਡ ਰਹੀ ਇਕ ਅਣਪਛਾਤੀ ਵਸਤੂ ਨੂੰ ਤਬਾਹ ਕਰ ਦਿੱਤਾ ਹੈ। 4 ਫਰਵਰੀ ਨੂੰ ਦੱਖਣੀ ਕੈਰੋਲੀਨਾ ਦੇ ਤੱਟ 'ਤੇ ਚੀਨ ਦੇ ਜਸੂਸੀ ਗੁਬਾਰੇ ਨੂੰ ਡੇਗਣ ਉਪਰੰਤ ਅਮਰੀਕਾ ਵਿਚ ਵਾਪਰੀ ਇਹ ਆਪਣੀ ਕਿਸਮ ਦੀ ਚੌਥੀ ਘਟਨਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦੇ ਨਿਰਦੇਸ਼ ';ਤੇ ਲੰਘੇ ਐਤਵਾਰ ਨੂੰ ਵਾਪਰੀ ਤਾਜ਼ਾ ਘਟਨਾ ਦੌਰਾਨ ਸੰਘੀ ਹਵਾਬਾਜ਼ੀ ਪ੍ਰਸਾਸ਼ਨ ਵੱਲੋਂ ਲੇਕ ਮਿਸ਼ੀਗਨ ਉਪਰ ਪੁਲਾੜ ਆਰਜੀ ਤੌਰ 'ਤੇ ਬੰਦ ਕਰਨ ਦੇ ਕੁਝ ਘੰਟਿਆਂ ਬਾਅਦ ਦੁਪਹਿਰ 2.42 ਵਜੇ ਅਮਰੀਕੀ ਜੰਗੀ ਜਹਾਜ਼ ਐਫ-16 ਨੇ ਵਸਤੂ ਨੂੰ ਤਬਾਹ ਕਰ ਦਿੱਤਾ। ਇਹ ਜਾਣਕਾਰੀ ਏਅਰ ਫੋਰਸ ਦੇ ਬ੍ਰਿਗੇਡੀਅਰ ਜਨਰਲ ਪੈਟ ਰਾਈਡਰ ਪੈਂਟਾਗਨ ਪ੍ਰੈਸ ਸਕੱਤਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਐਫ 16 ਤੋਂ ਏ ਆਈ ਐਮ 9 ਐਕਸ ਸਾਈਡ ਵਿੰਡਰ ਮਿਜ਼ਾਈਲ ਦਾਗੀ ਗਈ ਜੋ ਨਿਰਧਾਰਤ ਨਿਸ਼ਾਨੇ 'ਤੇ ਜਾ ਵਜੀ।

ਚੀਨੀ ਗੁਬਾਰਾ ਸੁੱਟਣ ਵੇਲੇ ਵੀ ਇਹ ਮਿਜ਼ਾਈਲ ਹੀ ਵਰਤੀ ਗਈ ਸੀ। ਵਸਤੂ ਦਾ ਮਲਬਾ ਕਿਥੇ ਡਿੱਗਾ ਹੈ,ਇਸ ਬਾਰੇ ਅਜੇ ਸਥਿੱਤੀ ਸਾਫ ਨਹੀਂ ਹੈ।

# ਪੁਰਾਣੀ ਵੀਜ਼ਾ ਨਵੀਨੀਕਰਨ ਪ੍ਰਕਿਰਿਆ ਮੁੜ ਬਹਾਲ ਕਰੇਗਾ ਅਮਰੀਕਾ




**ਵਾਸ਼ਿੰਗਟਨ-** ਅਮਰੀਕੀ ਵੀਜ਼ਾ ਲਈ ਹੋ ਰਹੀਆਂ ਪਰੇਸ਼ਾਨੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਬਾਇਡਨ ਪ੍ਰਸ਼ਾਸਨ ਐੱਚ-1ਬੀ ਤੇ ਐੱਲ-1 ਵੀਜ਼ਾ ਵਰਗੇ ਕੁਝ ਵਿਸ਼ੇਸ਼ ਸ਼੍ਰੇਣੀ ਲਈ 'ਡੋਮੈਸਟਿਕ ਵੀਜ਼ਾ ਰੀਵੈਲ-ਡਿਸ਼ਨ' ਪ੍ਰਕਿਰਿਆ ਮੁੜ ਤੋਂ ਬਹਾਲ ਕਰਨ ਜਾ ਰਿਹਾ ਹੈ। ਪਾਇਲਟ ਪ੍ਰੋਜੈਕਟ ਤਹਿਤ ਇਸ ਨੂੰ ਇਸੇ ਸਾਲ ਤੋਂ ਸ਼ੁਰੂ ਕਰਨ ਦੀ ਯੋਜਨਾ ਹੈ। ਇਸ ਨਾਲ ਹਜ਼ਾਰਾਂ ਵਿਦੇਸ਼ੀ ਟੈੱਕ ਮੁਲਾਜ਼ਮਾਂ ਨੂੰ ਲਾਭ ਮਿਲੇਗਾ, ਖ਼ਾਸ ਤੌਰ 'ਤੇ ਭਾਰਤੀਆਂ ਨੂੰ ਫ਼ਾਇਦਾ ਹੋਵੇਗਾ।

2004 ਤਕ ਐੱਚ-1ਬੀ ਵਰਗੇ ਵਿਸ਼ੇਸ਼ ਸ਼੍ਰੇਣੀ ਦੇ ਗ਼ੈਰ-ਅਪ੍ਰਵਾਸੀ ਵੀਜ਼ੇ ਦਾ ਅਮਰੀਕਾ ਵਿਚ ਹੀ ਨਵੀਨੀਕਰਨ ਹੋ ਜਾਂਦਾ ਸੀ। ਇਸ ਤੋਂ ਬਾਅਦ ਵਿਦੇਸ਼ ਟੈੱਕ ਮੁਲਾਜ਼ਮਾਂ ਲਈ ਇਹ ਅਮਰੀਕਾ ਤੋਂ ਬਾਹਰ, ਜ਼ਿਆਦਾਤਰ ਉਨ੍ਹਾਂ ਦੇ ਖ਼ੁਦ ਦੇ ਦੇਸ਼ ਵਿਚ ਹੋਣ ਲੱਗਾ। ਪਹਿਲਾਂ ਐੱਚ-1ਬੀ ਵੀਜ਼ਾਧਾਰਕਾਂ ਨੂੰ ਵੀਜ਼ਾ ਨਵੀਨੀਕਰਨ ਲਈ ਅਮਰੀਕਾ ਤੋਂ ਬਾਹਰ ਜਾਣ ਦੀ ਜ਼ਰੂਰਤ ਪੈਂਦੀ ਸੀ, ਜਦੋਂ ਉਹ ਅਮਰੀਕਾ ਤੋਂ ਬਾਹਰ ਯਾਤਰਾ ਕਰਨਾ ਚਾਹੁੰਦੇ ਸਨ ਅਤੇ ਫਿਰ ਤੋਂ ਅਮਰੀਕਾ ਆਉਣਾ ਚਾਹੁੰਦੇ ਸਨ। ਫ਼ਿਲਹਾਲ ਹੁਣ ਐੱਚ-1ਬੀ ਵੀਜ਼ਾ ਰੀਸਟੈਂਪਿੰਗ ਦੀ ਅਮਰੀਕਾ ਵਿਚ ਇਜਾਜ਼ਤ ਨਹੀਂ ਹੈ। ਇਹ ਸਿਰਫ਼ ਕਿਸੇ ਵੀ ਅਮਰੀਕੀ ਵਣਜ ਦੂਤਘਰ ਵਿਚ ਕੀਤੀ ਜਾ ਸਕਦੀ ਹੈ। ਇਸ ਦੇ ਲਈ ਅਮਰੀਕਾ ਤੋਂ ਬਾਹਰ ਜਾਣਾ ਪੈਂਦਾ ਹੈ। ਇਹ ਵਿਦੇਸ਼ੀ ਮੁਲਾਜ਼ਮਾਂ ਲਈ ਵੱਡੀ ਅਸਹੂਲਤ ਸੀ, ਖ਼ਾਸ ਕਰ ਕੇ ਅਜਿਹੇ ਸਮੇਂ ਵਿਚ ਜਦੋਂ ਵੀਜ਼ਾ ਉਡੀਕ ਸਮਾਂ 800 ਦਿਨਾਂ ਤੋਂ ਵੱਧ ਹੋਵੇ। ਐੱਚ-1ਬੀ ਵੀਜ਼ਾ ਇਕੱਠੇ ਤਿੰਨ ਸਾਲ ਲਈ ਜਾਰੀ ਕੀਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਇਕ ਦਿਨ ਪਹਿਲਾਂ ਹੀ ਅਮਰੀਕਾ ਨੇ ਭਾਰਤੀ ਵੀਜ਼ਾ ਬਿਨੈਕਾਰਾਂ ਲਈ ਬੈਕਲਾਗ ਸਮਾਪਤ ਕਰਨ ਦਾ ਐਲਾਨ ਕੀਤਾ ਹੈ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



ਦੇਸ਼ ਦੁਆਬਾ

# 'ਸੰਯੁਕਤ ਰਾਜ ਅਮਰੀਕਾ 'ਚ ਰਾਸ਼ਟਰਪਤੀ ਦਿਵਸ ਦੀ ਮਹੱਤਤਾ'

**ਮਹਿਮਾਨ ਸੰਪਾਦਕੀ**

ਜਾਰਜ ਵਾਸ਼ਿੰਗਟਨ ਦਾ ਜਨਮ ਦਿਨ, ਸੰਯੁਕਤ ਰਾਜ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ, ਜਾਰਜ ਵਾਸ਼ਿੰਗਟਨ ਦੇ ਸਨਮਾਨ ਵਿਚ ਫਰਵਰੀ ਦੇ ਤੀਜੇ ਸੋਮਵਾਰ ਨੂੰ ਮਨਾਈ ਜਾਣ ਵਾਲੀ ਇਕ ਸੰਯੁਕਤ ਰਾਜ ਸੰਘੀ ਛੁੱਟੀ ਹੈ। ਵਧਦੀ ਹੋਈ, ਛੁੱਟੀ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਅਤੇ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦੋਹਾਂ ਦੇ ਜਨਮ ਦਿਨ ਦਾ ਜਸ਼ਨ ਮਨਾਉਣ ਦਾ ਇਕ ਮੌਕਾ ਬਣ ਗਿਆ ਹੈ। ਬਹੁਤ ਸਾਰੇ ਅਮਰੀਕੀ ਛੁੱਟੀ ਨੂੰ ਰਾਸ਼ਟਰਪਤੀ ਦਿਵਸ ਕਹਿੰਦੇ ਹਨ।

ਜਾਰਜ ਵਾਸ਼ਿੰਗਟਨ ਦਾ ਜਨਮ 22 ਫਰਵਰੀ 1732 ਨੂੰ ਬਸਤੀਵਾਦੀ ਵਰਜੀਨੀਆ ਵਿਚ ਆਪਣੇ ਪਿਤਾ ਦੇ ਤੰਬਾਕੂ ਦੇ ਬਾਗ ਵਿਚ ਹੋਇਆ ਸੀ। ਉਸ ਨੇ ਵਰਜੀਨੀਆ ਸਰਹੱਦ 'ਤੇ ਇਕ ਸਰਵੇਖਣਕਾਰ ਵਜੋਂ ਕੰਮ ਕੀਤਾ ਅਤੇ ਫਿਰ ਵਰਜੀਨੀਆ ਮਿਲਿਸ਼ੀਆ ਵਿਚ ਇਕ ਪ੍ਰਮੁੱਖ ਬਣ ਗਿਆ। ਫ੍ਰੈਂਚ ਅਤੇ ਭਾਰਤੀ ਯੁੱਧ ਦੌਰਾਨ ਬਹਾਦਰੀ ਨਾਲ ਸੇਵਾ ਕਰਨ ਤੋਂ ਬਾਅਦ, ਉਹ ਆਪਣੇ ਪਰਿਵਰ ਦੇ ਵਰਜੀਨੀਆ ਘਰ, ਮਾਊਂਟ ਵਰਨਨ ਵਾਪਸ ਪਰਤਿਆ ਅਤੇ ਇਕ ਸਫਲ ਪਲਾਂਟਰ ਬਣ ਗਿਆ।

1775 ਵਿਚ ਜਦੋਂ ਉਪਨਿਵੇਸ਼ਾਂ ਅਤੇ ਗ੍ਰੇਟ ਬ੍ਰਿਟੇਨ ਵਿਚਕਾਰ ਸੁਤੰਤਰਤਾ ਲਈ ਅਮਰੀਕੀ ਯੁੱਧ ਸ਼ੁਰੂ ਹੋਇਆ ਤਾਂ ਵਾਸ਼ਿੰਗਟਨ ਨੂੰ ਮਹਾਂਦੀਪੀ ਕਾਂਗਰਸ ਦੁਆਰਾ ਸਰਬਸੰਮਤੀ ਨਾਲ ਮਹਾਂਦੀਪੀ ਸੈਨਾ ਦੇ ਕਮਾਂਡਰ ਦੇ ਰੂਪ ਵਿਚ ਚੁਣਿਆ ਗਿਆ ਸੀ। ਉਸ ਦੇ ਸੈਨਿਕਾਂ ਦੇ ਛੋਟੇ ਸਮੂਹ ਨੇ ਇਕ ਚੰਗੀ ਤਰ੍ਹਾਂ ਲੈਸ, ਪੇਸ਼ੇਵਰ ਫੌਜ ਦਾ ਸਾਹਮਣਾ ਕੀਤਾ, ਪਰ ਉਸ ਨੇ ਵਿਸ਼ਵਾਸਯੋਗ ਕਠਿਨਾਈਆਂ ਦੇ ਸਾਹਮਣੇ ਆਪਣੀ ਅਕਸਰ ਗੁੱਸੇ ਵਾਲੀਆਂ ਫੌਜਾਂ ਦੀ ਅਗਵਾਈ ਕੀਤੀ। ਬ੍ਰਿਟਿਸ਼ ਨੇ 1781 ਵਿਚ ਯਾਰਕਟਾਊਨ, ਵਰਜੀਨੀਆ ਵਿਚ ਸਮਰਪਣ ਕਰ ਦਿੱਤਾ। 1776 ਵਿਚ, ਯੂ. ਐਸ. ਕਾਂਗਰਸ ਨੇ ਮਰਨ ਉਪਰੰਤ ਵਾਸ਼ਿੰਗਟਨ ਨੂੰ ਛੇ ਸਿਤਾਰਾ ਜਨਰਲ ਦੇ ਰੈਂਕ ਵਿਚ ਤਰੱਕੀ ਦਿੱਤੀ। ਇਹ ਭਰੋਸਾ ਦਿਵਾਇਆ ਕਿ ਉਹ ਹਮੇਸ਼ਾ ਲਈ ਫੌਜ ਦੇ ਬਾਕੀ ਦੇ ਸਾਰੇ ਮੈਂਬਰਾਂ ਨੂੰ ਪਛਾੜ ਦੇਵੇਗਾ।

ਵਾਸ਼ਿੰਗਟਨ ਨੇ ਆਪਣੀ ਫੌਜੀ ਜਿੱਤ ਦੇ ਸਮੇਂ ਰਾਜਨੀਤਿਕ ਸ਼ਕਤੀ ਦੀਆਂ ਸਾਰੀਆਂ ਪੇਸ਼ਕਸ਼ਾਂ ਨੂੰ ਠੁਕਰਾ ਦੇਣ ਲਈ, ਲਗਭਗ ਵਿਸ਼ਵਵਿਆਪੀ ਸਤਿਕਾਰ ਦਾ ਆਨੰਦ ਮਾਣਿਆ। ਇਸ ਦੀ ਬਜਾਏ ਉਸਨੇ ਮਾਊਟ ਵਰਨਨ ਵਿਖੇ ਨਿੱਜੀ ਜੀਵਨ ਵਿਚ ਵਾਪਸ ਆਉਣਾ ਚੁਣਿਆ। 1787 ਵਿਚ ਉਸਨੇ ਅਮਰੀਕੀ ਸੰਵਿਧਾਨ ਦੀ ਲਿਖਤ ਦੀ ਪ੍ਰਧਾਨਗੀ ਕੀਤੀ ਅਤੇ ਇਕ ਵਾਰ ਇਸ ਦੀ ਪੁਸ਼ਟੀ ਹੋਣ ਤੋਂ ਬਾਅਦ ਉਹ ਸੰਯੁਕਤ ਰਾਜ ਦੇ ਪਹਿਲੇ ਰਾਸ਼ਟਰਪਤੀ ਬਣਨ ਲਈ ਸਰਬਸੰਮਤੀ ਨਾਲ ਚੋਣ ਬਣ ਗਿਆ। ਉਨ੍ਹਾਂ ਨੇ 1789 ਤੋਂ 1797 ਤੱਕ, ਦੋ ਚਾਰ ਸਾਲਾਂ ਦੇ ਕਾਰਜਕਾਲ ਦੀ ਸੇਵਾ ਕੀਤੀ। ਆਪਣੇ ਦੂਜੇ ਕਾਰਜਕਾਲ ਦੇ ਅੰਤ ਵਿਚ ਵਾਸ਼ਿੰਗਟਨ ਅਮਰੀਕਾ ਵਿਚ ਸਭ ਤੋਂ ਪ੍ਰਸਿੱਧ ਸ਼ਖਸੀਅਤ ਸੀ ਅਤੇ ਰਾਸ਼ਟਰਪਤੀ ਵਜੋਂ ਜਾਰੀ ਰਹਿ ਸਕਦੇ ਸਨ, ਪਰ ਉਨ੍ਹਾਂ ਨੇ ਸੱਤਾ ਤਿਆਗ ਦਿੱਤੀ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਉਤਰਾਧਿਕਾਰੀਆਂ ਲਈ ਇਕ ਮਿਸਾਲ ਕਾਇਮ ਕੀਤੀ।

ਅਬ੍ਰਾਹਮ ਲਿੰਕਨ: ਦਾ ਜਨਮ 12 ਫਰਵਰੀ, 1809 ਨੂੰ ਹੋਇਆ ਸੀ ਅਤੇ 1860 ਵਿਚ ਉਹ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਬਣੇ ਸਨ। ਰਾਸ਼ਟਰਪਤੀ ਦੇ ਰੂਪ ਵਿਚ ਉਨ੍ਹਾਂ ਨੇ ਇਕ ਮਹਾਨ ਸੰਵਿਧਾਨਕ, ਫੌਜੀ ਅਤੇ ਨੈਤਿਕ ਸੰਕਟ- ਅਮਰੀਕੀ ਘਰੇਲੂ ਯੁੱਧ (1861-1865) 15 ਵਿਚੋਂ 11 ਦੱਖਣੀ ਗੁਲਾਮੀ ਤੋਂ ਬਾਅਦ ਆਪਣੇ ਦੇਸ਼ ਦੀ ਅਗਵਾਈ ਕੀਤੀ। ਸੰਯੁਕਤ ਰਾਜ ਅਮਰੀਕਾ ਤੋਂ ਵੱਖ ਹੋ ਕੇ ਕਨਫਡਰੇਟ ਸਟੇਟਸ ਆਫ ਅਮਰੀਕਾ ਬਣਾਉਂਦੇ ਹਨ। 1 ਜਨਵਰੀ 1863 ਨੂੰ ਜਾਰੀ ਕੀਤਾ ਗਿਆ ਉਹਨਾਂ ਦਾ ਮੁਕਤੀ ਘੋਸ਼ਣਾ, ਸੰਘੀ ਰਾਜਾਂ ਵਿਚ ਅਜੇ ਵੀ ਵਿਦਰੋਹ ਵਿਚ ਗੁਲਾਮੀ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਘੋਸ਼ਣਾ ਨੇ ਯੁੱਧ ਨੂੰ ਰਾਜਾਂ ਦੇ ਅਧਿਕਾਰਾਂ ਦੇ ਸੰਘਰਸ਼ ਤੋਂ ਇਕ ਯੁੱਧ ਵਿਚ ਬਦਲ ਦਿੱਤਾ, ਜਿਸ ਦੇ ਉਦੇਸ਼ਾਂ ਵਿਚ ਗੁਲਾਮੀ ਦਾ ਵਿਨਾਸ਼ ਸ਼ਾਮਲ ਸੀ। ਲਿੰਕਨ ਦਾ ਮੰਨਣਾ ਸੀ ਕਿ ਗੁਲਾਮੀ ਦੇ ਅੰਤ ਨੂੰ ਯਕੀਨੀ ਬਣਾਉਣ ਲਈ ਇਕ ਸੰਵਿਧਾਨਕ ਸੋਧ ਜ਼ਰੂਰੀ ਸੀ ਅਤੇ ਉਹਨਾਂ ਨੇ ਸੰਵਿਧਾਨ ਦੀ 13ਵੀਂ ਸੋਧ ਨੂੰ ਪਾਸ ਕਰਨ ਦਾ ਸਮਰਥਨ ਕੀਤਾ, ਜੋ ਦਸੰਬਰ 1865 ਵਿਚ ਅਪਣਾਇਆ ਗਿਆ ਸੀ। ਲਿੰਕਨ ਨੂੰ 9 ਅਪ੍ਰੈਲ, 1865 ਨੂੰ ਇਕ ਸੰਘੀ ਹਮਦਰਦ ਦੁਆਰਾ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਦੋਵਾਂ ਰਾਸ਼ਟਰਪਤੀਆਂ ਦਾ ਸਨਮਾਨ: 22 ਫਰਵਰੀ ਨੂੰ 19ਵੀਂ ਸਦੀ ਦੇ ਅਮਰੀਕੀਆਂ ਦੁਆਰਾ ਛੁੱਟੀ ਵਜੋਂ ਮਨਾਇਆ ਜਾਂਦਾ ਸੀ। ਘੱਟੋ-ਘੱਟ ਇਕ ਦਰਜਨ ਰਾਜ ਅਧਿਕਾਰਤ ਤੌਰ 'ਤੇ ਫਰਵਰੀ ਦੇ ਤੀਜੇ ਸੋਮਵਾਰ ਨੂੰ 'ਵਾਸਿੰਗਟਨ ਅਤੇ ਲਿੰਕਨ ਦੇ ਜਨਮ ਦਿਨ' ਵਜੋਂ ਮਨਾਉਂਦੇ ਹਨ ਅਤੇ ਹੋਰ ਦਰਜਨ ਰਾਜ ਇਸ ਨੂੰ 'ਰਾਸ਼ਟਰਪਤੀ ਦਿਵਸ' ਕਹਿੰਦੇ ਹਨ। 1971 ਵਿਚ, ਕਾਂਗਰਸ ਨੇ ਲੰਮੇ ਛੁੱਟੀ ਵਾਲੇ ਵੀਕਐਂਡ ਬਣਾਉਣ ਲਈ ਸੋਮਵਾਰ ਨੂੰ ਵਾਸ਼ਿੰਗਟਨ ਦਾ ਜਨਮ ਦਿਨ ਅਤੇ ਕਈ ਹੋਰ ਛੁੱਟੀਆਂ ਤਹਿ ਕੀਤੀਆਂ।

ਜਿਨਾ ਜਾਰਜ ਵਾਸ਼ਿੰਗਟਨ ਅਤੇ ਅਬ੍ਰਾਹਮ ਲਿੰਕਨ ਦੋਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ, ਸੰਘੀ ਛੁੱਟੀ ਅਧਿਕਾਰਤ ਤੌਰ 'ਤੇ ਵਾਸ਼ਿੰਗਟਨ ਦਾ ਜਨਮ ਦਿਨ ਰਹਿੰਦੀ ਹੈ। ਪਹਿਲੇ ਰਾਸ਼ਟਰਪਤੀ ਨੂੰ ਦੇਸ਼ ਭਰ ਵਿਚ ਕਈ ਬੁੱਤਾਂ ਅਤੇ ਦੇਸ਼ ਦੀ ਰਾਜਧਾਨੀ ਵਾਸ਼ਿੰਗਟਨ ਵਿਚ 555 ਫੁੱਟ ਉਚੇ ਵਾਸ਼ਿੰਗਟਨ ਸਮਾਰਕ ਨਾਲ ਵੀ ਸਨਮਾਨਿਤ ਕੀਤਾ ਜਾਂਦਾ ਹੈ। ਰਾਸ਼ਟਰਪਤੀ ਥਾਮਸ ਜੇਫਰਸਨ ਅਤੇ ਥੀਓਡੋਰ ਰੂਜ਼ਵੈਲਟ ਦੇ ਨਾਲ, ਜਾਰਜ ਵਾਸ਼ਿੰਗਟਨ ਅਤੇ ਅਬ੍ਰਾਹਮ ਲਿੰਕਨ ਦੋਹਾਂ ਦੀਆਂ ਸਮਾਨਤਾਵਾਂ ਦੱਖਣੀ ਡਕੋਟਾਂ ਵਿਚ ਮਾਊਂਟ ਰਸ਼ਮੋਰ ਉਤੇ ਪੱਥਰ ਵਿਚ ਉਕਰੀਆਂ ਗਈਆਂ ਹਨ।

ਇਹ ਛੁੱਟੀ ਉਸ ਜਰਨੈਲ ਨੂੰ ਸ਼ਰਧਾਂਜਲੀ ਵੀ ਹੈ, ਜਿਸ ਨੇ ਆਮ ਸਿਪਾਹੀ ਲਈ ਯੋਗਤਾ ਦਾ ਪਹਿਲਾ ਫੌਜੀ ਬੈਜ ਬਣਾਇਆ ਸੀ। 1932 ਵਿਚ ਜਾਰਜ ਵਾਸ਼ਿੰਗਟਨ ਦੇ 200ਵੇਂ ਜਨਮ ਦਿਨ 'ਤੇ ਮੁੜ ਸੁਰਜੀਤ ਕੀਤਾ ਗਿਆ, ਪਰਪਲ ਹਾਰਟ ਮੈਡਲ (ਜਿਸ ਵਿਚ ਜਾਰਜ ਵਸ਼ਿੰਗਟਨ ਦੀ ਤਸਵੀਰ ਹੈ) ਲੜਾਈ ਵਿਚ ਜ਼ਖਮੀ ਹੋਏ ਸੈਨਿਕਾਂ ਨੂੰ ਦਿੱਤਾ ਜਾਂਦਾ ਹੈ। ਜਿਵੇਂ ਕਿ ਮੈਮੋਰੀਅਲ ਡੇਅ ਅਤੇ ਵੈਟਰਨਜ਼ ਡੇਅ ਦੇ ਨਾਲ, ਜਾਰਜ ਵਾਸ਼ਿੰਗਟਨ ਦਾ ਜਨਮ ਦਿਨ ਸੰਯੁਕਤ ਰਾਜ ਅਮਰੀਕਾ ਨੂੰ ਆਪਣੇ ਸਾਬਕਾ ਸੈਨਿਕਾਂ ਦਾ ਸਨਮਾਨ ਕਰਨ ਦਾ ਇਕ ਹੋਰ ਮੌਕੇ ਪ੍ਰਦਾਨ ਕਰਦਾ ਹੈ।

**ਪ੍ਰੋ: ਐਚ.ਐਲ.ਕਪੂਰ**

## ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼

# ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਜੈਤੋ ਦਾ ਮੋਰਚਾ



**ਪ੍ਰਮੋਦ ਧੀਰ**
91-98550-31081

ਫਰੀਦਕੋਟ ਜ਼ਿਲ੍ਹੇ ਦੇ ਇਤਿਹਾਸਕ ਸ਼ਹਿਰ ਜੈਤੋ ਦੀ ਸਿੱਖ ਇਤਿਹਾਸ 'ਚ ਬੜੀ ਅਹਿਮ ਥਾਂ ਹੈ। ਇਸ ਸ਼ਹਿਰ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਦੇਸ਼ ਦੇ ਆਜ਼ਾਦੀ ਸਮਾਗਮ 'ਚ ਇਥੋਂ ਦੇ ਦੇਸ਼ ਭਗਤਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ । ਇਸ ਥਾਂ ਦੀ ਇਤਿਹਾਸਕ ਮਹਾਨਤਾ ਇਸ ਕਰਕੇ ਹੀ ਵਧੇਰੇ ਹੈ ਕਿ ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਸਮਾਂ ਜਾਰੀ ਰਹਿਣ ਵਾਲਾ ਮੋਰਚਾ ਇਥੇ ਹੀ ਲੱਗਿਆ ਜਿਸ ਨੂੰ ਜੈਤੋ ਦਾ ਮੋਰਚਾ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਜੈਤੋ ਦਾ ਮੋਰਚਾ : ਜੈਤੋ ਦਾ ਮੋਰਚਾ ਪਟਿਆਲਾ ਅਤੇ ਨਾਭਾ ਰਿਆਸਤ ਦੇ ਬਾਹਰੀ ਝਗੜੇ ਵਜੋਂ ਹੋਂਦ ਵਿਚ ਆਇਆ, ਕਿਉਂਕਿ ਅੰਗਰੇਜ਼ ਹਕੂਮਤ ਪਹਿਲਾਂ ਹੀ ਇਸ ਤਾਕ ਵਿਚ ਸੀ ਕਿ ਨਾਭਾ ਰਿਆਸਤ ਦੇ ਮਹਾਰਾਜ ਰਿਪੂਦਮਨ ਸਿੰਘ ਦੇ ਵਿਰੁੱਧ ਕੋਈ ਕਾਰਵਾਈ ਕਰਕੇ ਉਸ ਨੂੰ ਅੰਗਰੇਜ਼ੀ ਹਕੂਮਤ ਦਾ ਪ੍ਰਭਾਵ ਕਬੂਲ ਕਰਨ ਲਈ ਮਜਬੂਰ ਕੀਤਾ ਜਾ ਸਕੇ। ਅੰਗਰੇਜ਼ੀ ਹਕੂਮਤ ਨੇ ਦੋਹਾਂ ਰਿਆਸਤਾਂ ਦੇ ਵਿਚ-ਵਿਚਾਲੇ ਪੈ ਕੇ ਹੁਸ਼ਿਆਰੀ ਨਾਲ ਦੋਹਾਂ ਮਹਾਰਾਜਿਆਂ ਪਾਸੋਂ ਫੈਸਲਾ ਕਰਨ ਦੇ ਹੱਕ ਪ੍ਰਾਪਤ ਕਰ ਲਏ। ਹਕੂਮਤ ਨੂੰ ਅਜਿਹਾ ਹੱਕ ਦੇਣਾ ਹੀ ਮਹਾਰਾਜਾ ਨੂੰ ਮਹਿੰਗਾ ਪਿਆ। ਸਰਕਾਰ ਨੇ ਝਗੜੇ ਦੀ ਆੜ ਹੇਠ 9 ਜੁਲਾਈ 1923 ਨੂੰ ਮਹਾਰਾਜ ਰਿਪੂਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜਗੱਦੀ ਤੋਂ ਲਾਹ ਕੇ ਉਸ ਨੂੰ ਰਾਜ ਵਿਚੋਂ ਕੱਢ ਦਿੱਤਾ। ਇਸ ਹਕੂਮਤ ਵਿਚ ਸਿੱਖ ਜਗਤ 'ਚ ਬੇਹੱਦ ਸਤਿਕਾਰ ਹੋਣ ਕਰਕੇ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਇਸ ਦਾ ਸਖਤ ਵਿਰੋਧ ਕੀਤਾ ਗਿਆ ਅਤੇ ਮਹਾਰਾਜਾ ਨਾਭਾ ਪ੍ਰਤੀ ਹਮਦਰਦੀ ਦਾ ਮਤਾ 9 ਸਤੰਬਰ 1923 ਨੂੰ 'ਨਾਭਾ ਡੇ' ਮਨਾਉਣ ਦਾ ਐਲਾਨ ਕਰ ਦਿੱਤਾ। ਇਸ ਦਿਨ ਪੰਜਾਬ ਵਿਚ ਥਾਂ-ਥਾਂ 'ਤੇ ਜਲੂਸ ਕੱਢੇ ਗਏ ਅਤੇ ਮਹਾਰਾਜੇ ਦੀ ਬਹਾਲੀ ਲਈ ਮਤੇ ਪਾਸ ਕੀਤੇ ਗਏ। ਜੈਤੋ ਵਿਖੇ ਵੀ ਅਜਿਹਾ ਜਲੂਸ ਕੱਢਿਆ ਗਿਆ। ਜਲੂਸ ਦੀ ਸਮਾਪਤੀ 'ਤੇ ਦੀਵਾਨ ਸਜਾਇਆ ਗਿਆ ਅਤੇ ਦੀ ਧਾਰਮਿਕ ਜੱਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਰੋਜ਼ਾਨਾ 25-25 ਸਿੰਘਾਂ ਦੇ ਜੱਥੇ ਜੈਤੋ ਵੱਲ ਭੇਜਣੇ ਸ਼ੁਰੂ ਕੀਤੇ। ਹਰ ਰੋਜ਼ ਇੱਕ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ ਤਾਂ ਹਕੂਮਤ ਵੱਲੋਂ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ 25 ਸਿੰਘਾਂ ਦੇ ਜੱਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਮੋਰਚੇ ਨੂੰ ਹੋਰ ਤੇਜ਼ ਕਰਨ ਲਈ 500-500 ਸਿੰਘਾਂ ਦਾ ਜੱਥੇ ਭੇਜਣ ਦਾ ਫੈਸਲਾ ਕੀਤਾ ਗਿਆ। ਪਹਿਲੇ ਜੱਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।



ਗੁਰਦੁਆਰਾ ਗੰਗਸਰ ਸਾਹਿਬ ਵਿਖੇ ਅਖੰਡ ਪਾਠ ਦੀ ਲੜੀ ਆਰੰਭ ਕੀਤੀ ਗਈ।

ਦੂਜੇ ਪਾਸੇ ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੂਦਮਨ ਸਿੰਘ ਦੇ ਹੱਕ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਸਖਤ ਮਨਾਹੀ ਸੀ ਅਤੇ ਜੈਤੋ ਵਿਖੇ ਮਹਾਰਾਜੇ ਦੇ ਹੱਕ ਵਿਚ ਅਖੰਡ ਪਾਠਾਂ ਦੀ ਲੜੀ ਹਕੂਮਤੀ ਆਦੇਸ਼ਾਂ ਦੀ ਸਿੱਧੀ ਵਿਰੋਧਤਾ ਸੀ। ਇਸ ਕਰਕੇ 14 ਸਤੰਬਰ 1923 ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਾਹਿਬ ਸਜਿਆ ਹੋਇਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਚੱਲ ਰਹੇ ਸਨ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦਾਖਲ ਹੋ ਕੇ ਉਥੇ ਹੀ ਇਕੱਤਰ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਬੈਠੇ ਗ੍ਰੰਥੀ ਸਿੰਘਾਂ ਨੂੰ ਬਾਹਰ ਕੱਢ ਲਿਆਂਦਾ। ਇਸ ਤਰ੍ਹਾਂ ਚੱਲ ਰਹੇ ਅਖੰਡ ਪਾਠਾਂ ਨੂੰ ਖੰਡਿਤ ਕਰ ਦਿੱਤਾ। ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖ ਧਰਮ ਲਈ ਬਹੁਤ ਹੀ ਅਸਹਿ ਘਟਨਾ ਸੀ, ਜਿਸ ਦਾ ਵੱਡੇ ਪੱਧਰ 'ਤੇ ਵਿਰੋਧ ਹੋਣ ਲੱਗਾ। ਇਸ ਘਟਨਾ ਨੇ ਮਹਾਰਾਜਾ ਨਾਭਾ ਦੇ ਰਾਜਸੀ ਸਵਾਲ ਨੂੰ ਸਿੱਖ ਧਰਮ ਦਾ ਸਵਾਲ ਬਣਾ ਦਿੱਤਾ ਤੇ ਜੈਤੋ ਵਿਖੇ ਸਿੱਖਾਂ ਨੇ ਇਹ ਮੋਰਚਾ ਆਰੰਭ ਕਰ ਦਿੱਤਾ। ਇਸ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਕੀਤੇ ਗਏ ਅਖੰਡ ਪਾਠਾਂ ਨੂੰ ਅਖੰਡ ਰੂਪ 'ਚ ਮੁੜ ਚਾਲੂ ਕਰਨਾ ਸੀ।

ਸਿੱਖ ਇਤਿਹਾਸ ਦਾ ਪ੍ਰਸਿੱਧ ਜੈਤੋ ਦਾ ਮੋਰਚਾ ਸਾਰੇ ਸਿੱਖ ਮੋਰਚਿਆਂ ਤੋਂ ਲੰਮਾਂ ਸਮਾਂ (ਪੌਣੇ ਦੋ ਸਾਲ ਤੋਂ ਵੀ ਵੱਧ) ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜ਼ਬੂਰ ਹੋਣਾ ਪਿਆ। ਇਸੇ ਐਕਟ ਦੇ ਅਧੀਨ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ ਹੋਂਦ ਵਿਚ ਆਇਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜੇ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ।

ਇਹ ਸਿੱਖ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਦੁਰਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਜੈਤੋ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ

ਇਹ ਵਿਸ਼ਾਲ ਜੱਥਾ 9 ਫਰਵਰੀ,1924 ਨੂੰ ਅਕਾਲ ਤਖਤ ਤੋਂ ਚੱਲ ਕੇ 20 ਫਰਵਰੀ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜੱਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜੱਥੇ ਦੇ ਨਾਲ ਹਜਾਰਾਂ ਦੀ ਗਿਣਤੀ ਵਿਚ ਹੋਰ ਸੰਗਤ ਵੀ ਸ਼ਰਧਾਵੱਸ ਨਾਲ ਚੱਲ ਰਹੀ ਸੀ ਅਤੇ ਬੀਬੀਆਂ ਸਮੇਤ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿੱਧ ਮਿਸਟਰ ਜ਼ਿੰਮਦ ਕਾਰ ਵਿਚ ਸਵਾਰ ਹੋ ਕੇ ਜੱਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ। ਜੱਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ।

ਅੰਗਰੇਜ਼ੀ ਹਕੂਮਤ ਵੱਲੋਂ ਜੱਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਮੀਟਰ ਦੀ ਵਿੱਥ 'ਤੇ ਰੋਕ ਕੇ ਗੋਲੀ ਚਲਾ ਦੇਣ ਦੀ ਧਮਕੀ ਦਿੱਤੀ ਪਰ ਜੱਥਾ ਸ਼ਾਂਤਮਈ ਅੱਗੇ ਵਧਦਾ ਰਿਹਾ ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜੱਥਿਆਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਲੱਗੇ। 28 ਫਰਵਰੀ 1924 ਨੂੰ ਅਗਲਾ ਸਿੰਘਾਂ ਦਾ ਜੱਥਾ ਅਮ੍ਰਿਤਸਰ ਤੋਂ ਜੈਤੋ ਲਈ ਰਵਾਨਾ ਹੋਇਆ ਜਿਸਨੂੰ 14 ਮਾਰਚ 1924 ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਨ੍ਹਾਂ ਜੱਥਿਆਂ ਵਿੱਚ ਕੈਨੇਡਾ,ਹਾਂਗਕਾਂਗ,ਹੰਗਾਈ ਆਦਿ ਦੇਸ਼ਾਂ ਤੋਂ ਵੀ ਸਿੰਘਾਂ ਨੇ ਹਿੱਸਾ ਲਿਆ। ਇਸ ਤਰ੍ਹਾਂ 500-500 ਦੇ ਜੱਥੇ ਭੇਜਣ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ ਅਤੇ ਉਦੋਂ ਤੱਕ ਜਾਰੀ ਰਿਹਾ ਜਦੋਂ ਤੱਕ ਅੰਗਰੇਜ਼ੀ ਹਕੂਮਤ ਨੇ ਹੱਥ ਖੜ੍ਹੇ ਨਾ ਕੀਤੇ। ਅੰਤ ਹਕੂਮਤ ਸਿੱਖ ਸੰਘਰਸ਼ ਅੱਗੇ ਝੁਕ ਗਈ ਅਤੇ ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲੀ। ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਆਖੰਡ ਪਾਠ ਸ਼ੁਰੂ ਕਰਕੇ ਮੋਰਚੇ ਨੂੰ ਤੋੜ ਚੜ੍ਹਾਇਆ। ਜੈਤੋ ਦੇ ਇਤਿਹਾਸਕ ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ ਵਿਖੇ ਹਰ ਸ਼ਾਲ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਲਗਾਇਆ ਜਾਂਦਾ ਹੈ ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਦੀਆਂ ਹਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਭਾਰਤੀ ਮੂਲ ਦੇ ਸਾਂਸਦ ਐਮੀ ਬੇਰਾ ਦੀ ਵਿਦੇਸ਼ੀ ਮਾਮਲਿਆਂ ਬਾਰੇ ਸਬ ਕਮੇਟੀ ਲਈ ਚੋਣ



**ਸੈਕਰਾਮੈਂਟੋ, ਕੈਲੀਫੋਰ- ਨੀਆ-** ਭਾਰਤੀ ਮੂਲ ਦੇ ਸਾਂਸਦ ਐਮੀ ਬੇਰਾ ਦੀ ਇੰਡੋ-ਪੈਸਿਕ ਬਾਰੇ ਸਦਨ ਦੀ ਵਿਦੇਸ਼ ਮਾਮਲਿਆਂ ਬਾਰੇ ਸਬ ਕਮੇਟੀ ਲਈ ਚੋਣ ਕੀਤੀ ਗਈ ਹੈ। ਉਹ ਇਸ ਕਮੇਟੀ ਵਿਚ 2013 ਤੋਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਉਨਾਂ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਵਿਦੇਸ਼ ਮਾਮਲਿਆਂ ਬਾਰੇ ਸਬ ਕਮੇਟੀ ਵਿਚ ਸੇਵਾਵਾਂ ਨੂੰ ਜਾਰੀ ਰਖਣ ਲਈ ਕਿਹਾ ਗਿਆ ਹੈ ਜੋ ਮੇਰੇ ਲਈ ਮਾਣ ਵਾਲੀ ਗੱਲ ਹੈ। ਉਨਾਂ ਕਿਹਾ ਕਿ ਉਹ ਇੰਡੋ ਪੈਸੀਫਿਕ ਖੇਤਰ ਨੂੰ ਵਧੇਰੇ ਮੁਕਤ ਤੇ ਖੁਸ਼ਹਾਲ ਬਣਾਉਣ ਲਈ ਆਪਣੀ ਭੂਮਿਕਾ ਨਿਭਾਉਂਦੇ ਰਹਿਣਗੇ। ਇਸ ਤੋਂ ਪਹਿਲਾਂ ਇਸੇ ਮਹੀਨੇ ਦੇ ਸ਼ੁਰੂ ਵਿਚ ਉਨਾਂ ਦੀ ਇੰਟੈਲੀਜੈਂਸ ਬਾਰੇ ਸਥਾਈ ਵਿਸ਼ੇਸ਼ ਕਮੇਟੀ ਵਿਚ ਨਿਯੁਕਤੀ ਹੋਈ ਸੀ।

# ਰੇਲ ਹਾਦਸੇ ਬਾਰੇ ਪ੍ਰੈਸ ਕਾਨਫਰੰਸ ਦੀ ਸਿੱਧੀ ਰਿਪੋਰਟਿੰਗ ਕਰਨ 'ਤੇ ਨਿਊਜ਼ ਨੇਸ਼ਨ ਦਾ ਪੱਤਰਕਾਰ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ-** ਕੁਝ ਦਿਨ ਪਹਿਲਾਂ ਪੂਰਬੀ ਪੇਲਸਟਾਈਨ,ਓਹੀਓ ਵਿਚ ਹੋਏ ਰੇਲ ਹਾਦਸੇ ਬਾਰੇ ਓਹੀਓ ਦੇ ਅਧਿਕਾਰੀਆਂ ਦੀ ਪ੍ਰੈਸ ਕਾਨਫਰੰਸ ਦੀ ਸਿੱਧੀ ਰਿਪੋਰਟਿੰਗ ਕਰ ਰਹੇ ਨਿਊਜ਼ ਨੇਸ਼ਨ ਦੇ ਪੱਤਰਕਾਰ ਈਵਾਨ ਲੈਮਬਰਟ ਨੂੰ ਗ੍ਰਿਫਤਾਰ ਕਰ ਲਿਆ ਗਿਆ । ਜਿਉਂ ਹੀ ਉਸ ਨੇ ਸਿੱਧਾ ਪ੍ਰਸਾਰਣ ਸ਼ੁਰੂ ਕੀਤਾ ਤਾਂ ਸਟੇਟ ਹਾਈਵੇਅ ਦੇ ਦੋ ਜਵਾਨਾਂ ਤੇ ਓਹੀਓ ਨੈਸ਼ਨਲ ਗਾਰਡ ਦੇ ਸਹਾਇਕ ਮੇਜਰ ਜਨਰਲ ਜੌਹਨ ਹੈਰਿਸ ਨੇ ਉਸ ਨੂੰ ਸਿੱਧੀ ਰਿਪੋਰਟਿੰਗ ਬੰਦ ਕਰਨ ਲਈ ਕਿਹਾ ਕਿਉਂਕਿ ਉਨਾਂ ਦਾ ਵਿਸ਼ਵਾਸ਼ ਸੀ ਕਿ ਉਹ ਬਹੁਤ ਉੱਚੀ ਬੋਲ ਰਿਹਾ ਹੈ ਜਿਸ ਕਾਰਨ ਵਿਘਨ ਪੈ ਰਿਹਾ ਹੈ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਲੈਮਬਰਟ ਤੇ ਹੈਰਿਸ ਵਿਚਾਲੇ ਤਕਰਾਰ ਵੀ ਹੋਇਆ ਜਿਸ 'ਤੇ ਪੱਤਰਕਾਰ ਨੂੰ ਪਰੇ ਧੱਕ ਦਿੱਤਾ ਗਿਆ ਜੋ ਹਮਲਾਵਰ ਅੰਦਾਜ ਵਿੱਚ ਹੈਰਿਸ ਵਲ ਵਧ ਰਿਹਾ ਸੀ। ਲੈਮਬਰਟ ਨੂੰ ਉਥੋਂ ਚਲੇ ਜਾਣ ਲਈ ਕਿਹਾ ਗਿਆ ਪਰੰਤੂ ਉਹ ਨਾ ਮੰਨਿਆ ਜਿਸ 'ਤੇ ਪੁਲਿਸ ਉਸ ਨੂੰ ਗ੍ਰਿਫਤਾਰ ਕਰਕੇ ਬਾਹਰ ਲੈ ਗਈ। ਪੁਲਿਸ ਅਨੁਸਾਰ ਲੈਮਬਰਟ ਨੂੰ ਮੁੱਢਲੇ ਤੌਰ 'ਤੇ ਅਪਰਾਧਕ ਦਖਲਅੰਦਾਜੀ ਕਰਨ ਤੇ ਗ੍ਰਿਫਤਾਰੀ ਦਾ ਵਿਰੋਧ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।




# ਟੈਕਸਾਸ ਵਿਚ ਵਾਲਮਾਰਟ ਸਟੋਰ ਵਿੱਚ ਕਤਲੇਆਮ ਦੇ ਦੋਸ਼ੀ ਪੈਟਰਿਕ ਨੇ ਆਪਣਾ ਗੁਨਾਹ ਕਬੂਲਿਆ



**ਸੈਕਰਾਮੈਂਟੋ, ਕੈਲੀਫੋਰਨੀਆ-** ਐਲ ਪਾਸੋ, ਟੈਕਸਾਸ ਵਿਚ ਇਕ ਵਾਲਮਾਰਟ ਸਟੋਰ ਵਿਚ ਅੰਧਾਧੁੰਦ ਗੋਲੀਆਂ ਚਲਾ ਕੇ 23 ਲੋਕਾਂ ਦੀਆਂ ਹੱਤਿਆਵਾਂ ਕਰਨ ਵਾਲੇ ਸ਼ੱਕੀ ਦੋਸ਼ੀ 24 ਸਾਲਾ ਪੈਟਰਿਕ ਕਰੂਸੀਅਸ ਨੇ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਲਿਆ ਹੈ। ਅਗਸਤ 2019 ਵਿਚ ਹੋਏ ਇਸ ਕਤਲੇਆਮ ਲਈ ਕਰੂਸੀਅਸ ਵਿਰੁੱਧ ਨਸਲੀ ਅਪਰਾਧ ਸਮੇਤ 90 ਦੋਸ਼ ਆਇਦ ਕੀਤੇ ਗਏ ਸਨ। ਜਦੋਂ ਜੱਜ ਨੇ 90 ਦੋਸ਼ ਪੜੇ ਤਾਂ ਕਰੂਸੀਅਸ ਚੁੱਪਚਾਪ ਸਿਰ ਹੇਠਾਂ ਕਰਕੇ ਖੜਾ ਰਿਹਾ ਤੇ ਆਪਣੇ ਸਾਹਮਣੇ ਪਏ ਮੇਜ਼ ਵੱਲ ਵੇਖਦਾ ਰਿਹਾ। ਇਨਾਂ ਦੋਸ਼ਾਂ ਵਿਚ ਮਾਰੇ ਗਏ ਤੇ ਬਚ ਗਏ ਜ਼ਖਮੀਆਂ ਦੇ ਨਾਂ ਵੀ ਸ਼ਾਮਿਲ ਸਨ। ਆਪਣੇ ਅਟਾਰਨੀ ਦੇ ਨਾਲ ਬੈਠੇ ਕਰੂਸੀਅਸ ਨੂੰ ਖੜੇ ਹੋ ਕੇ ਆਪਣਾ ਗੁਨਾਹ ਕਬੂਲਣ ਲਈ ਕਿਹਾ ਗਿਆ। ਜਿਸ ਉਪਰੰਤ ਉਸ ਨੇ ਅਜਿਹਾ ਹੀ ਕੀਤਾ। ਇਸ ਮਾਮਲੇ ਵਿਚ ਕੋਈ ਗਵਾਹ ਨਹੀਂ ਸੀ। ਪਿਛਲੇ ਮਹੀਨੇ ਸੰਘੀ ਵਕੀਲਾਂ ਨੇ ਕਿਹਾ ਸੀ ਕਿ ਉਹ ਇਸ ਮਾਮਲੇ ਵਿਚ ਮੌਤ ਦੀ ਸਜ਼ਾ ਦੀ ਮੰਗ ਨਹੀਂ ਕਰਨਗੇ। ਇਸ ਉਪਰੰਤ ਮਾਮਲੇ ਵਿਚ ਮੋੜ ਆਇਆ। ਜੱਜ ਨੇ ਕਿਹਾ ਕਿ ਸੰਘੀ ਮੁਕੱਦਮਾ ਜਨਵਰੀ 2024 ਵਿਚ ਸ਼ੁਰੂ ਹੋਣਾ ਸੀ ਪਰੰਤੂ ਹੁਣ ਕਰੂਸੀਅਸ ਨੇ ਆਪਣਾ ਗੁਨਾਹ ਕਬੂਲ ਲਿਆ ਹੈ ਇਸ ਲਈ ਜੂਨ ਵਿਚ ਸਜ਼ਾ ਦੀ ਸੁਣਵਾਈ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਅਮਰੀਕਾ ਵਿਚ ਦੋ ਵਿਦਿਆਰਥਣਾਂ ਵੱਲੋਂ ਕਾਲੀ ਵਿਦਿਆਰਥਣ ਉਪਰ ਕਾਲਾ ਪੇਂਟ ਮਲਣ ਤੇ ਨਸਲੀ ਟਿੱਪਣੀਆਂ ਕਰਨ ਦੀ ਵੀਡੀਓ ਵਾਇਰਲ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਵਿਚ ਫਿਲਾਡੈਲਫੀਆ ਦੇ ਇਕ ਹਾਈ ਸਕੂਲ ਦੀਆਂ ਦੋ ਵਿਦਿਆਰਥਣਾਂ ਵੱਲੋਂ ਇਕ ਕਾਲੀ ਵਿਦਿਆਰਥਣ ਦੇ ਚੇਹਰੇ ਉਪਰ ਕਾਲੇ ਰੰਗ ਦੀ ਸਪਰੇਅ ਕਰਨ ਤੇ ਨਸਲੀ ਟਿੱਪਣੀਆਂ ਕਰਨ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਵਾਇਰਲ ਹੋਣ ਤੋਂ ਬਾਅਦ ਅਧਿਕਾਰੀਆਂ ਨੇ ਕਿਹਾ ਹੈ ਕਿ ਦੋਸ਼ੀ ਵਿਦਿਆਰਥੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋਵੇਗੀ। ਇਹ ਵੀਡੀਓ ਸਕੂਲ ਤੋਂ ਬਾਹਰ ਬਣਾਈ ਗਈ ਹੈ। ਚੀਫ ਕਮਿਊਨੀਕੇਸ਼ਨ ਅਫਸਰ ਫਿਲਾਡੈਲਫੀਆ ਕੈਨਥ ਏ ਗਾਵਿਨ ਅਨੁਸਾਰ ਵੀਡੀਓ ਵਿਚਲੀਆਂ ਦੋ ਲੜਕੀਆਂ ਸੇਂਟ ਹੁਬਰਟ ਕੈਥੋਲਿਕ ਹਾਈ ਸਕੂਲ ਫਾਰ ਗਰਲਜ਼ ਦੀਆਂ ਹਨ ਜਦ ਕਿ ਤੀਸਰੀ ਲੜਕੀ ਸਕੂਲ ਦੀ ਵਿਦਿਆਰਥਣ ਨਹੀਂ ਹੈ। ਉਨਾਂ ਕਿਹਾ ਕਿ ਲੜਕੀਆਂ ਦੇ ਵਿਵਹਾਰ ਨੂੰ ਵੇਖਦਿਆਂ ਅਨੁਸ਼ਾਸਨੀ



ਕਾਰਵਾਈ ਤਹਿਤ ਉਨਾਂ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ ਤੇ ਕੌਂਸਲਿੰਗ ਲਈ ਭੇਜਿਆ ਜਾ ਸਕਦਾ ਜਾਂ ਫਿਰ ਸਕੂਲ ਵਿਚੋਂ ਕੱਢਿਆ ਵੀ ਜਾ ਸਕਦਾ ਹੈ। ਇਕ ਵੱਖਰੇ ਬਿਆਨ ਵਿਚ ਫਰੈਂਕਲਿਨ ਟਾਊਨ ਚਾਰਟਰ ਹਾਈ ਸਕੂਲ ਨੇ ਕਿਹਾ ਹੈ ਕਿ ਵੀਡੀਓ ਵਿਚ ਨਜਰ ਆ ਰਹੀ ਸਕੂਲ ਦੀ ਸਾਬਕਾ ਵਿਦਿਆਰਥਣ ਜਾਂ ਹੋਰ ਕਿਸੇ ਵੀ ਵਿਦਿਆਰਥੀ ਜਿਸ ਨੇ ਅਜਿਹਾ ਭੱਦਾ ਵਿਵਿਹਾਰ ਕੀਤਾ ਹੈ, ਲਈ ਸਾਡੇ ਸਕੂਲ ਵਿਚ ਕੋਈ ਥਾਂ ਨਹੀਂ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿਚ ਇਕ ਲੜਕੀ ਇਕ ਹੋਰ ਲੜਕੀ ਦੇ ਚੇਹਰੇ 'ਤੇ ਕਾਲੇ ਰੰਗ ਦੀ ਸਪਰੇਅ ਕਰਦੀ ਹੋਈ ਨਜਰ ਆ ਰਹੀ ਹੈ ਤੇ ਨਾਲ ਹੀ ਕਹਿੰਦੀ ਹੈ ਕਿ ਤੂੰ ਕਾਲੀ ਹੈ, ਤੂੰ ਆਪਣੀਆਂ ਜੜਾਂ ਬਾਰੇ ਜਾਣਦੀ ਹੈ, ਤੂੰ ਗੁਲਾਮ ਤੋਂ ਵਧ ਕੁਝ ਨਹੀਂ ਹੈ। ਵੀਡੀਓ ਵਿਚ ਹੋਰ ਲੋਕ ਇਸ ਮੌਕੇ ਹਸਦੇ ਹੋਏ ਸੁਣਾਈ ਦਿੰਦੇ ਹਨ। ਲੜਕੀ ਜਿਸ ਦੇ ਕਾਲਖ ਮਲੀ ਗਈ , ਉਹ ਇਸ ਦੇ ਜਵਾਬ ਵਿਚ ਕਹਿੰਦੀ ਹੈ ਕਿ ਹਾਂ ਮੈ ਕਾਲੀ ਹਾਂ, ਮੈਨੂੰ ਇਸ ਉਪਰ ਮਾਣ ਹੈ।

# ਭਾਰਤੀ ਮੂਲ ਦੇ ਮਾਲਕ ਨੂੰ ਆਪਣੇ ਮੁਲਾਜ਼ਮਾਂ ਨੂੰ 69000 ਡਾਲਰ ਓਵਰ ਟਾਈਮ ਦੇ ਦੇਣ ਦੇ ਆਦੇਸ਼

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਤਿੰਨ ਨਰਸਿੰਗ ਹੋਮਜ਼ ਦੇ ਮਾਲਕ ਤੇ ਸੰਚਾਲਕ ਭਾਰਤੀ ਮੂਲ ਦੇ ਇਕ ਵਿਅਕਤੀ ਵਲੋਂ ਕਿਰਤ ਨਿਯਮਾਂ ਦੀ ਉਲੰਘਣਾ ਕਰਕੇ ਆਪਣੇ ਮੁਲਾਜ਼ਮਾਂ ਨੂੰ ਓਵਰ ਟਾਈਮ ਨਾ ਦੇਣਾ ਦਾ ਮਾਮਲਾ ਸਾਹਮਣੇ ਆਇਆ ਹੈ। ਸੰਘੀ ਜਾਂਚ ਤੋਂ ਬਾਅਦ ਐਮੀ ਪਟੇਲ ਨਾਮੀ ਭਾਰਤੀ ਨੂੰ ਆਪਣੇ ਮੁਲਾਜ਼ਮਾਂ ਨੂੰ 69000 ਡਾਲਰ ਓਵਰ ਟਾਈਮ ਦੇ ਦੇਣ ਦਾ ਆਦੇਸ਼ ਦਿੱਤਾ ਗਿਆ ਹੈ। ਐਮੀ ਪਟੇਲ ਚੈਸਨਿੰਗ ਨਰਸਿੰਗ ਸੈਂਟਰ,ਬੀਕੋਨਸ਼ਾਇਰ ਨਰਸਿੰਗ ਸੈਂਟਰ ਤੇ ਵੈਸਟ ਵੁੱਡ ਨਰਸਿੰਗ ਸੈਂਟਰ, ਡੈਟਰੋਇਟ ਦਾ ਮਾਲਕ ਤੇ ਸੰਚਾਲਕ ਹੈ। ਇਨਾਂ ਤਿੰਨ ਨਰਸਿੰਗ ਸੈਂਟਰਾਂ ਵਿਚ 45 ਮੁਲਾਜ਼ਮ ਮੈਨੇਜਰ ਵਜੋਂ ਕੰਮ ਕਰਦੇ ਹਨ।

ਕਿਰਤ ਵਿਭਾਗ ਦੀ ਵੇਜ਼ ਐਂਡ ਆਵਰਜ਼ ਡਵੀਜ਼ਨ ਨੇ ਜਾਂਚ ਵਿਚ ਪਾਇਆ ਕਿ ਪਟੇਲ ਨੇ ਇਕ ਹਫਤੇ ਵਿਚ 40 ਘੰਟੇ ਤੋਂ ਘੱਟ ਕੰਮ ਕਰਨ 'ਤੇ ਆਪਣੇ ਮੈਨੇਜਰਾਂ ਨੂੰ ਪ੍ਰਤੀ ਘੰਟਾ ਮਜ਼ਦੂਰੀ ਦੇ ਹਿਸਾਬ ਨਾਲ ਅਦਾਇਗੀ ਕੀਤੀ ਤੇ 40 ਘੰਟੇ ਤੋਂ ਵਧ ਕੰਮ ਕਰਨ 'ਤੇ ਤਨਖਾਹ ਦੇ ਆਧਾਰ 'ਤੇ ਅਦਾਇਗੀ ਕੀਤੀ। ਟਿਮੋਲਿਨ ਮਿਸ਼ੈਲ, ਡਿਸਟ੍ਰਿਕਟ ਡਾਇਰੈਕਟਰ ਆਫ ਵੇਜ਼ ਐਂਡ ਆਵਰਜ਼ ਡਵੀਜਨ ਡੈਟਰੋਇਟ ਨੇ ਕਿਹਾ ਹੈ ਕਿ ਮਾਲਕ ਮੰਨਮਾਨੇ ਢੰਗ ਨਾਲ ਆਪਣੇ ਮੁਲਾਜ਼ਮਾਂ ਨੂੰ ਕੁਝ ਹਫਤਿਆਂ ਦੀ ਅਦਾਇਗੀ ਪ੍ਰਤੀ ਘੰਟੇ ਦੇ ਹਿਸਾਬ ਨਾਲ ਤੇ ਕੁਝ ਹੋਰ ਹਫਤਿਆਂ ਦੀ ਅਦਾਇਗੀ ਤਨਖਾਹ ਦੇ ਆਧਾਰ 'ਤੇ ਕਰਨ ਦਾ ਨਿਰਨਾ ਨਹੀਂ ਲੈ ਸਕਦਾ। ਅਜਿਹਾ ਕਰਕੇ ਪਟੇਲ ਨੇ ਸਪਸ਼ਟ ਤੌਰ 'ਤੇ ਸੰਘੀ ਨਿਯਮਾਂ ਦੀ ਉਲੰਘਣਾ ਕੀਤੀ ਹੈ।

# ਪੁਲਿਸ ਨੇ ਕਾਲੇ ਵਿਅਕਤੀ ਦੀ ਬਿਮਾਰੀ ਦੀ ਪਰਵਾਹ ਕੀਤੇ ਬਗੈਰ ਤਾਕਤ ਦੀ ਵਰਤੋਂ ਕੀਤੀ, ਵੀਡੀਓ ਜਾਰੀ

**ਸੈਕਰਾਮੈਂਟੋ, ਕੈਲੀਫੋਰਨੀਆ-** ਪਿਛਲੇ ਮਹੀਨੇ ਉੱਤਰੀ ਕੈਰੋਲੀਨਾ ਵਿਚ ਪੁਲਿਸ ਵੱਲੋਂ ਗ੍ਰਿਫਤਾਰੀ ਵੇਲੇ 32 ਸਾਲਾ ਕਾਲੇ ਵਿਅਕਤੀ ਡੈਰੀਅਲ ਟਾਇਰ ਵਿਲੀਅਮਜ ਦੀ ਹੋਈ ਮੌਤ ਸਬੰਧੀ ਜਾਰੀ ਵੀਡੀਓ ਵਿਚ ਪੁਲਿਸ ਉਸ ਨਾਲ ਕਥਿੱਤ ਧੱਕੇਸ਼ਾਹੀ ਕਰਦੀ ਹੋਈ ਨਜਰ ਆ ਰਹੀ ਹੈ। ਵਿਲੀਅਮਜ ਪੁਲਿਸ ਅਫਸਰਾਂ ਨੂੰ ਆਪਣੀ ਦਿੱਲ ਦੀ ਬਿਮਾਰੀ ਬਾਰੇ ਦਸਦਾ ਹੈ ਪਰੰਤੂ ਪੁਲਿਸ ਉਸ ਦੀ ਗੱਲ ਨਹੀਂ ਸੁਣਦੀ। ਵਿਲੀਅਮਜ ਤੇ ਪੁਲਿਸ ਅਫਸਰਾਂ ਵਿਚਾਲੇ ਤਕਰਾਰ ਹੁੰਦੀ ਹੈ।

ਬਾਅਦ ਵਿਚ ਪੁਲਿਸ ਜ਼ਮੀਨ ਉਪਰ ਡਿੱਗੇ ਹੋਏ ਵਿਲੀਅਮਜ ਉਪਰ ਸਟਨ ਗੰਨ ਦੀ ਵਰਤੋਂ ਕਰਦੀ ਹੈ। ਇਸ ਦੇ ਇਕ ਘੰਟੇ ਬਾਅਦ ਹੀ ਹਸਪਤਾਲ ਵਿਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਦੀ ਇਕ ਰਿਪੋਰਟ ਅਨੁਸਾਰ ਖੜੀ ਕਾਰ ਵਿਚ ਵਿਲੀਅਮਜ ਡਰਾਈਵਰ ਵਾਲੀ ਸੀਟ ਉਪਰ ਬੈਠਾ ਸੀ ਜਦੋਂ ਪੁਲਿਸ ਅਫਸਰਾਂ ਨੇ ਉਸ ਦੀ ਕਾਰ ਵਿਚ ਸ਼ਰਾਬ ਦਾ ਖੁਲਾ ਹੋਇਆ ਕੰਟੇਨਰ ਤੇ ਭੰਗ ਵੇਖੀ। ਗ੍ਰਿਫਤਾਰੀ ਵੇਲੇ ਸਟਨ ਗੰਨ ਨਾਲ ਤਿੰਨ ਝਟਕੇ ਦੇਣ ਉਪਰੰਤ ਉਸ ਨੂੰ ਹੱਥਕੜੀ ਲਾਈ ਗਈ। ਇਸ ਮਾਮਲੇ ਦੀ ਰਲੀਘ ਪੁਲਿਸ ਵਿਭਾਗ ਜਾਂਚ ਕਰ ਰਿਹਾ ਹੈ ਜਦ ਕਿ 6 ਪੁਲਿਸ ਅਫਸਰਾਂ ਨੂੰ ਛੁੱਟੀ ਉਪਰ ਭੇਜ ਦਿੱਤਾ ਗਿਆ ਹੈ। ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਵੀ ਮਾਮਲੇ ਦੀ ਜਾਂਚ ਕਰ ਰਿਹਾ ਹੈ।

# ਅਮਰੀਕਾ ਦੇ ਉਟਾਹ ਰਾਜ ਦੀ ਸੈਨਟ ਵੱਲੋਂ ਦਿਵਾਲੀ 'ਤੇ ਪਟਾਖੇ ਤੇ ਆਤਿਸ਼ਬਾਜੀ ਚਲਾਉਣ ਲਈ ਬਿੱਲ ਪਾਸ

**ਸੈਕਰਾਮੈਂਟੋ** – ਉਟਾਹ ਰਾਜ ਵਿਚ ਵੱਸਦੇ ਹਿੰਦੂ ਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰਖਦੇ ਹੋਏ ਸੈਨਟ ਨੇ ਦਿਵਾਲੀ ਮੌਕੇ ਪਟਾਖੇ ਤੇ ਆਤਿਸ਼ਬਾਜੀ ਚਲਾਉਣ ਲਈ ਬਿੱਲ ਪਾਸ ਕੀਤਾ ਹੈ। ਸਟੇਟ ਬਿੱਲ 46 ਸੈਨਟ ਮੈਂਬਰ ਲਿੰਕੋਲਨ ਫਿਲਮੋਰ ਵੱਲੋਂ ਪੇਸ਼ ਕੀਤਾ ਗਿਆ ਸੀ ਜੋ ਸੈਨਟ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਬਿੱਲ ਵਿਚ ਰੋਸ਼ਨੀਆਂ ਦੇ ਤਿਓਹਾਰ ਦਿਵਾਲੀ ਨੂੰ ਰਾਜ ਦੇ ਤਿਓਹਾਰ ਵਜੋਂ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਤਹਿਤ ਪਟਾਖਿਆਂ ਦੀ ਵਿਕਰੀ ਦੀ ਇਜਾਜ਼ਤ ਹੋਵਗੀ। ਫਿਲਮੋਰ ਨੇ ਬਿੱਲ ਪਾਸ ਹੋਣ ਉਪਰੰਤ ਭਾਰਤੀ ਭਾਈਚਾਰੇ ਨੂੰ ਵਧਾਈ ਦਿੱਤੀ ਹੈ। ਹੁਣ ਇਹ ਬਿੱਲ ਪ੍ਰਤੀਨਿੱਧ ਸਦਨ ਵਿਚ ਜਾਵੇਗਾ ਜਿਥੇ ਇਸ ਦੇ ਪਾਸ ਹੋਣ ਜਾਣ ਦੀ ਪੂਰੀ ਸੰਭਾਵਨਾ ਹੈ।

# ਅਮਰੀਕਾ ਵਿਚ ਭਾਰਤੀ ਮੂਲ ਦੇ ਵਿਅਕਤੀ ਦੀ ਸੜਕ ਹਾਦਸੇ ਵਿਚ ਮੌਤ

**ਸੈਕਰਾਮੈਂਟੋ** – ਭਾਰਤੀ ਮੂਲ ਦੇ 39 ਸਾਲਾ ਵਿਅਕਤੀ ਜੋ 3 ਬੱਚਿਆਂ ਦੀ ਪਿਤਾ ਸੀ, ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਇਹ ਹਾਦਸਾ ਉਸ ਸਮੇ ਹੋਇਆ ਜਦੋਂ ਡਾਫਿਨ ਕਾਊਂਟੀ, ਪੈਨਸਿਲਵਾਨੀਆ ਵਾਸੀ ਪ੍ਰਤੀਸ਼ ਪਟੇਲ ਮੁਸ਼ਰੂਮ ਹਿੱਲ ਰੋਡ ਉਪਰ ਇਕ ਸਟੋਰ ਵਿਚੋਂ ਨਿਕਲ ਕੇ ਸੜਕ ਪਾਰ ਕਰ ਰਿਹਾ ਤਾਂ ਪੂਰਬ ਵੱਲ ਜਾ ਰਹੀ ਇਕ ਤੇਜ ਰਫਤਾਰ ਕਾਰ ਨੇ ਉਸ ਨੂੰ ਜੋਰਦਾਰ ਟੱਕਰ ਮਾਰ ਦਿੱਤੀ। ਪੁਲਿਸ ਅਨੁਸਾਰ ਉਸ ਨੂੰ ਹਰਸ਼ੇ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਜਿਥੇ ਉਹ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਪੁਲਿਸ ਅਨੁਸਾਰ ਜਦੋਂ ਪਟੇਲ ਸੜਕ ਪਾਰ ਕਰ ਰਿਹਾ ਸੀ ਤਾਂ ਹਰੀ ਬੱਤੀ ਹੋ ਚੁੱਕੀ ਸੀ। ਪੁਲਿਸ ਨੇ ਕਿਹਾ ਹੈ ਕਿ ਕਾਰ ਦਾ ਡਰਾਈਵਰ ਮੌਕੇ ਉਪਰ ਹੀ ਖੜਾ ਰਿਹਾ ਤੇ ਉਹ ਮਾਮਲੇ ਦੀ ਜਾਂਚ ਵਿਚ ਪੂਰਾ ਸਹਿਯੋਗ ਕਰ ਰਿਹਾ ਹੈ।




# ਅਮਰੀਕਾ ਵਿਚ 14 ਸਾਲਾ ਵਿਦਿਆਰਥਣ ਵੱਲੋਂ ਖੁਦਕੁੱਸ਼ੀ ਕਰਨ ਉਪਰੰਤ ਸਕੂਲ ਦੇ ਸੁਪਰਡੈਂਟ ਨੇ ਦਿੱਤਾ ਅਸਤੀਫਾ

**ਸੈਕਰਾਮੈਂਟੋ** – ਨਿਊ ਜਰਸੀ ਸਕੂਲ ਡਿਸਟ੍ਰਿਕਟ ਜਿਥੇ ਆਪਣੇ ਉਪਰ ਹੋਏ ਹਮਲੇ ਉਪਰੰਤ ਆਪਣੇ ਘਰ ਜਾ ਕੇ ਇਕ ਵਿਦਿਆਰਥਣ ਨੇ ਖੁਦਕੁੱਸ਼ੀ ਕਰ ਲਈ ਸੀ, ਦੇ



ਸੁਪਰਡੈਂਟ ਨੇ ਅਸਤੀਫਾ ਦੇ ਦਿੱਤਾ ਹੈ। ਓਸ਼ੀਅਨ ਕਾਊਂਟੀ ਦੇ ਬਰਕਲੇਅ ਟਾਊਨਿਸ਼ਿੱਪ ਵਿਚ ਸਥਿੱਤ ਸੈਂਟਰਲ ਰੀਜਨਲ ਹਾਈ ਸਕੂਲ ਦੇ 4 ਵਿਦਿਆਰਥੀਆਂ ਜਿਨਾਂ ਨੇ ਵਿਦਿਆਰਥਣ ਉਪਰ ਹਮਲਾ ਕੀਤਾ ਸੀ, ਵਿਰੁੱਧ ਬਕਾਇਦਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਘਟਨਾ ਕਾਰਨ ਵਿਦਿਆਰਥੀਆਂ ਤੇ ਮਾਪਿਆਂ ਵਿਚ ਵਿਆਪਕ ਰੋਸ ਤੇ ਗੁਸੇ ਦੀ ਭਾਵਨਾ ਪਾਈ ਜਾ ਰਹੀ ਹੈ ਜਿਨਾਂ ਦਾ ਕਹਿਣਾ ਹੈ ਕਿ ਇਸ ਘਟਨਾ ਤੋਂ ਸਕੂਲਾਂ ਵਿਚ ਡਰਾਉਣ ਧਮਕਾਉਣ ਵਾਲੇ ਸਭਿਆਚਾਰ ਦਾ ਪਤਾ ਲੱਗਦਾ ਹੈ। 14 ਸਾਲਾ ਐਡਰੀਆਨਾ ਕੁਚ ਜੋ ਆਪਣੇ ਬੇਅਵਿਲੇ,ਨਿਊ ਜਰਸੀ ਵਿਚਲੇ ਘਰ ਵਿੱਚ 3 ਫਰਵਰੀ ਨੂੰ ਮ੍ਰਿਤਕ ਹਾਲਤ ਵਿਚ ਮਿਲੀ ਸੀ, ਦੇ ਪਿਤਾ ਅਨੁਸਾਰ ਸਕੂਲ ਵਿਚ ਉਸ ਉਪਰ 1 ਫਰਵਰੀ ਨੂੰ ਹਮਲਾ ਕੀਤਾ ਗਿਆ ਸੀ। ਉਸ ਦਾ ਕਹਿਣਾ ਹੈ ਕਿ ਉਸ ਦੀ ਧੀ ਨੇ 2 ਫਰਵਰੀ ਨੂੰ ਰਾਤ 10.46 ਵਜੇ ਟੈਕਸਟ ਮੈਸੇਜ਼ ਭੇਜਿਆ ਸੀ , ਉਸ ਦਾ ਵਿਸ਼ਵਾਸ਼ ਹੈ ਕਿ ਇਸ ਤੋਂ ਬਾਅਦ ਹੀ ਉਸ ਦੀ ਮੌਤ ਹੋ ਗਈ ਸੀ। ਸਕੂਲ ਡਿਸਟ੍ਰਿਕਟ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸੈਂਟਰਲ ਰੀਜਨਲ ਸਕੂਲ ਡਿਸਟ੍ਰਿਕਟ ਤੇ ਸੀਸਾਈਡ ਹਾਈਟਸ ਦੇ ਸੁਪਰਡੈਂਟ ਟਰੀਅਨਾਫਿਲੋਸ ਪਰਲੈਪਨੀਡਸ ਨੇ ਆਪਣਾ ਅਸਤੀਫਾ ਦੇ ਦਿੱਤਾ ਹੈ ।

# ਵਿਦੇਸ਼ਾਂ 'ਚ 12 ਲੱਖ ਭਾਰਤੀ ਵਿਦਿਆਰਥੀ ਕਰ ਰਹੇ ਅਧਿਐਨ- ਅੰਕੜੇ

**ਨਵੀਂ ਦਿੱਲੀ**–ਵਿਦੇਸ਼ ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਵਿਦੇਸ਼ਾਂ ਵਿੱਚ ਲਗਭਗ 12 ਲੱਖ ਭਾਰਤੀ ਵਿਦਿਆਰਥੀ ਅਧਿਐਨ ਕਰ ਰਹੇ ਹਨ, ਜੋ ਸਿੱਖਿਆ ਨਾਲ ਸਬੰਧਤ ਸਾਰੇ ਕੋਰਸਾਂ ਨੂੰ ਕਵਰ ਕਰਦੇ ਹਨ। ਇਹ ਜਾਣਕਾਰੀ ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਭਾਰਤੀ ਪ੍ਰਵੀਨ ਪਵਾਰ ਨੇ ਲੋਕ ਸਭਾ ਵਿੱਚ ਐਂਟਨੀ ਐਂਟਨੀ, ਕ੍ਰਿਪਾਲ ਬਾਲਾਜੀ ਤੁਮਾਣੇ ਅਤੇ ਭਾਵਨਾ ਗਵਲੀ ਦੇ ਸਵਾਲਾਂ ਦੇ ਲਿਖਤੀ ਜਵਾਬ ਵਿੱਚ ਦਿੱਤੀ। ਉਨ੍ਹਾਂ ਦੱਸਿਆ ਕਿ ਵਿਦੇਸ਼ ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 12 ਲੱਖ ਦੇ ਕਰੀਬ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਹਨ, ਜਿਨ੍ਹਾਂ ਵਿੱਚ ਸਿੱਖਿਆ ਨਾਲ ਸਬੰਧਤ ਸਾਰੇ ਕੋਰਸ ਸ਼ਾਮਲ ਹਨ। ਉਸ ਨੇ ਇਹ ਵੀ ਕਿਹਾ ਕਿ ਹਾਲਾਂਕਿ ਵਿਦੇਸ਼ਾਂ ਵਿੱਚ ਮੈਡੀਕਲ ਕੋਰਸ ਕਰ ਰਹੇ ਭਾਰਤੀ ਵਿਦਿਆਰਥੀਆਂ ਬਾਰੇ ਖਾਸ ਅੰਕੜੇ ਉਪਲਬਧ ਨਹੀਂ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਸਾਲ 2017 'ਚ 4,54,010 ਵਿਦਿਆਰਥੀ ਵੱਖ-ਵੱਖ ਕੋਰਸਾਂ ਦੀ ਪੜ੍ਹਾਈ ਲਈ ਵਿਦੇਸ਼ ਗਏ ਸਨ, ਸਾਲ 2018 'ਚ 5,18,015 ਵਿਦਿਆਰਥੀ, ਸਾਲ 2019 'ਚ 5,86,337 ਵਿਦਿਆਰਥੀ, ਸਾਲ 2020 'ਚ 2,59,655 ਵਿਦਿਆਰਥੀ, 41 ਸਾਲ 2021 ਵਿੱਚ 44,553 ਵਿਦਿਆਰਥੀ ਅਤੇ ਸਾਲ 2022 ਵਿੱਚ 7,50,365 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਨ ਲਈ



ਗਏ ਸਨ। ਮੰਤਰੀ ਨੇ ਦੱਸਿਆ ਕਿ ਵੱਖ-ਵੱਖ ਦੇਸ਼ਾਂ ਵਿੱਚ ਭਾਰਤੀ ਮਿਸ਼ਨ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਮੰਤਰਾਲਿਆਂ, ਸਥਾਨਕ ਪ੍ਰਸ਼ਾਸਨ, ਯੂਨੀਵਰਸਿਟੀਆਂ/ ਸੰਸਥਾਨਾਂ ਸਮੇਤ ਸਬੰਧਤ ਅਧਿਕਾਰੀਆਂ ਨਾਲ ਨਿਯਮਤ ਸੰਪਰਕ ਵਿੱਚ ਹਨ।

ਉਨ੍ਹਾਂ ਕਿਹਾ ਕਿ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਇੱਕ ਯੋਜਨਾ ਤਿਆਰ ਕੀਤੀ ਹੈ, ਜਿਸ ਤਹਿਤ ਕੋਵਿਡ-19, ਰੂਸ-ਯੂਕ੍ਰੇਨ ਟਕਰਾਅ ਆਦਿ ਕਾਰਨ ਭਾਰਤੀ ਵਿਦਿਆਰਥੀਆਂ ਦੇ ਵਿਦੇਸ਼ੀ ਮੈਡੀਕਲ ਸੰਸਥਾਵਾਂ ਤੋਂ ਬਾਹਰ ਹੋਣ ਦੇ ਮੁੱਦੇ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਪਵਾਰ ਨੇ ਕਿਹਾ ਕਿ ਅਜਿਹੇ ਭਾਰਤੀ ਵਿਦਿਆਰਥੀ ਜੋ ਅੰਡਰ ਗਰੈਜੂਏਟ ਮੈਡੀਕਲ ਕੋਰਸ ਦੇ ਆਖ਼ਰੀ ਸਾਲ ਵਿੱਚ ਸਨ ਅਤੇ ਬਾਅਦ ਵਿੱਚ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਹਨ ਅਤੇ ਜਿਨ੍ਹਾਂ ਨੂੰ ਸਬੰਧਤ ਸੰਸਥਾ ਵੱਲੋਂ 30 ਜੂਨ, 2022 ਨੂੰ ਜਾਂ ਇਸ ਤੋਂ ਪਹਿਲਾਂ ਕੋਰਸ/ਡਿਗਰੀ ਮੁਕੰਮਲ ਹੋਣ ਦਾ ਸਰਟੀਫਿਕੇਟ ਵੀ ਪ੍ਰਦਾਨ ਕੀਤਾ ਗਿਆ ਹੈ, ਉਹ ਵੀ ਵਿਦੇਸ਼ੀ ਮੈਡੀਕਲ ਗ੍ਰੈਜੂਏਸ਼ਨ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਹਨ। ਇਸ ਤੋਂ ਇਲਾਵਾ 170 ਵਿਦਿਆਰਥੀਆਂ ਨੇ ਅਕਾਦਮਿਕ ਮੋਬਿਲਿਟੀ ਪ੍ਰੋਗਰਾਮ ਤਹਿਤ ਆਪਣਾ ਨਾਮ ਦਰਜ ਕਰਵਾਇਆ। ਵਿਦੇਸ਼ ਮੰਤਰਾਲੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਕਾਦਮਿਕ ਮੋਬਿਲਿਟੀ ਪ੍ਰੋਗਰਾਮ ਤਹਿਤ ਕੁੱਲ 3,964 ਭਾਰਤੀ ਮੈਡੀਕਲ ਵਿਦਿਆਰਥੀਆਂ ਨੂੰ ਦਾਖਲਾ ਮਿਲਿਆ।

# ਲੰਘੇ ਵਰ੍ਹੇ ਦੋ ਲੱਖ ਲੋਕਾਂ ਨੇ ਛੱਡੀ ਭਾਰਤੀ ਨਾਗਰਿਕਤਾ : ਜੈਸ਼ੰਕਰ

**ਨਵੀਂ ਦਿੱਲੀ**– ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਜਾਣਕਾਰੀ ਦਿੱਤੀ ਕਿ ਰਾਜਸਭਾ ਵਿਚ ਮੁਹੱਈਆ ਕਰਵਾਏ ਗਏ ਅੰਕੜਿਆਂ ਮੁਤਾਬਕ ਸਾਲ 2011 ਤੋਂ 16 ਲੱਖ ਤੋਂ ਵੱਧ ਭਾਰਤੀਆਂ ਨੇ ਆਪਣੀ ਭਾਰਤੀ



ਨਾਗਰਿਕਤਾ ਛੱਡ ਦਿੱਤੀ ਹੈ। ਇਨ੍ਹਾਂ 'ਚੋਂ ਸੱਭ ਤੋਂ ਵੱਧ 2,25,620 ਭਾਰਤੀ ਅਜਿਹਾ ਹਨ ਜਿਨ੍ਹਾਂ ਨੇ ਪਿਛਲੇ ਸਾਲ ਭਾਰਤੀ ਨਾਗਰਿਕਤਾ ਛੱਡੀ ਹੈ। ਜੈਸ਼ੰਕਰ ਨੇ ਕਿਹਾ ਕਿ 2011 ਦੇ ਅੰਕੜੇ 1,22,819 ਸੀ, ਜਦਕਿ 2012 ਵਿਚ ਇਹ 1,20,923, 2013 ਵਿਚ 1,31,405 ਅਤੇ 2014 ਵਿਚ 1,29,328 ਸਨ। ਸਾਲ 2011 ਤੋਂ ਬਾਅਦ ਭਾਰਤੀ ਨਾਗਰਿਕਤਾ ਛੱਡਣ ਵਾਲੇ ਭਾਰਤੀਆਂ ਦੀ ਕੁੱਲ੍ਹ ਗਿਣਤੀ 1663440 ਹੈ। ਜੈਸ਼ੰਕਰ ਨੇ ਉਨ੍ਹਾਂ 135 ਦੇਸ਼ਾਂ ਦੀ ਸੂਚੀ ਵੀ ਮੁਹੱਈਆ ਕਰਵਾਈ ਜਿਨ੍ਹਾਂ ਦੀ ਨਾਗਰਿਕਤਾ ਭਾਰਤੀਆਂ ਨੇ ਹਾਸਲ ਕੀਤੀ ਹੈ।

ਉਨ੍ਹਾਂ ਨੇ ਸਾਲ ਦਰ ਸਾਲ ਭਾਰਤੀ ਨਾਗਰਿਕਤਾ ਛੱਡਣ ਵਾਲਿਆਂ ਦੀ ਗਿਣਤੀ ਦਾ ਬਿਓਰਾ ਦਿੰਦਿਆਂ ਦੱਸਿਆ ਕਿ 2015 ਤੋਂ 1,31,489 ਜਦਕਿ 2016 ਵਿਚ 141603 ਲੋਕਾਂ ਨੇ ਨਾਗਰਿਕਤਾ ਛੱਡੀ ਅਤੇ 2017 ਵਿਚ 133049 ਲੋਕਾਂ ਨੇ ਨਾਗਰਿਕਤਾ ਛੱਡੀ। ਉਨ੍ਹਾਂ ਮੁਤਾਬਕ 2018 ਵਿਚ ਇਹ ਗਿਣਤੀ 134,561 ਸੀ, ਜਦਕਿ 2019 ਵਿਚ 144,017, 2020 ਵਿਚ 85,256 ਅਤੇ 2021 ਵਿਚ 163,370 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ ਸੀ। ਮੰਤਰੀ ਮੁਤਾਬਕ, 2022 ਵਿਚ ਇਹ ਗਿਣਤੀ 2,25,620 ਸੀ।

# ਬੇਅਦਬੀ ਮਾਮਲਿਆਂ 'ਚ ਇਨਸਾਫ ਲਈ ਵਚਨਬੱਧ ਹਾਂ : ਮਾਨ

**ਚੰਡੀਗੜ੍ਹ**– ਪੰਜਾਬ ਸਰਕਾਰ ਵੱਲੋਂ ਬਹਿਬਲ ਕਲਾਂ ਅਤੇ ਕੋਟਕਪੂਰਾ ਘਟਨਾਵਾਂ ਵਿੱਚ ਇਨਸਾਫ਼ ਦਿਵਾਉਣ ਲਈ ਪੂਰੀ ਤਰ੍ਹਾਂ ਸਮਰਪਿਤ ਹੋਣ ਦਾ ਦਾਅਵਾ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਗਤਾਂ ਨੂੰ ਬਹਿਬਲ ਕਲਾਂ ਵਿਖੇ ਰਾਹਗੀਰਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਮੱਦੇਨਜ਼ਰ ਰੋਡ ਜਾਮ ਹਟਾਉਣ ਦੀ ਅਪੀਲ ਕੀਤੀ। ਲੋਕਾਂ ਨੂੰ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਅਤੇ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਹਰ ਮਨੁੱਖ ਦੀ ਮਾਨਸਿਕਤਾ 'ਤੇ ਡੂੰਘੇ ਜ਼ਖ਼ਮ ਛੱਡੇ ਹਨ। ਉਨ੍ਹਾਂ ਕਿਹਾ ਕਿ ਦੋਵਾਂ ਘਟਨਾਵਾਂ ਦਾ ਇਨਸਾਫ਼ ਕੀਤਾ ਜਾਵੇਗਾ ਅਤੇ ਇਨ੍ਹਾਂ ਘਿਨਾਉਣੇ ਅਪਰਾਧਾਂ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਨਸਾਫ਼ ਦਿਵਾਉਣ ਲਈ ਪਹਿਲਾਂ ਹੀ ਪੂਰੀ ਵਾਹ ਲਾ ਰਹੀ ਹੈ ਅਤੇ ਇਨ੍ਹਾਂ ਅਪਰਾਧਾਂ ਵਿੱਚ ਸ਼ਾਮਲ ਸਾਰੇ ਲੋਕ ਜਲਦੀ ਹੀ ਸਲਾਖਾਂ ਪਿੱਛੇ ਹੋਣਗੇ।



ਮੁੱਖ ਮੰਤਰੀ ਨੇ ਕਿਹਾ ਕਿ ਬਹਿਬਲ ਕਲਾਂ ਵਿੱਚ ਨੈਸ਼ਨਲ ਹਾਈਵੇਅ 'ਤੇ ਲੱਗੇ ਜਾਮ ਕਾਰਨ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਸ ਮੁਸੀਬਤ ਤੋਂ ਬਚਣਾ ਚਾਹੀਦਾ ਹੈ ਇਸ ਲਈ ਉਹ ਸੰਗਤਾਂ ਨੂੰ ਅਪੀਲ ਕਰਦੇ ਹਨ ਕਿ ਉਹ ਲੋਕ ਹਿੱਤ ਵਿੱਚ ਸੜਕ ਤੋਂ ਧਰਨਾ ਹਟਾਉਣ। ਅਕਾਲੀਆਂ ਅਤੇ ਕਾਂਗਰਸੀਆਂ 'ਤੇ ਵਰ੍ਹਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਬਚਾਉਣ ਲਈ ਇਨ੍ਹਾਂ ਦੋਵਾਂ ਪਾਰਟੀਆਂ ਨੇ ਮਿਲੀਭੁਗਤ ਕਰ ਲਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਿਰਦੋਸ਼ ਪ੍ਰਦਰਸ਼ਨਕਾਰੀਆਂ 'ਤੇ ਗੋਲੀਆਂ ਚਲਾਉਣ ਦੀਆਂ ਘਟਨਾਵਾਂ ਅਕਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਵਾਪਰੀਆਂ ਸਨ, ਪਰ ਕਾਂਗਰਸ ਨੇ ਬਰਗਾੜੀ ਬੇਅਦਬੀ ਕਾਂਡ ਅਤੇ ਹੋਰ ਸਬੰਧਤ ਘਟਨਾਵਾਂ ਦੀ ਡੂੰਘਾਈ ਨਾਲ ਜਾਂਚ ਨਾ ਕਰਵਾ ਕੇ ਦੋਸ਼ੀਆਂ ਨੂੰ ਬਚਾਉਣ ਲਈ ਸਰਗਰਮ ਭੂਮਿਕਾ ਨਿਭਾਈ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਦੋਸ਼ੀਆਂ ਨੂੰ ਬਚਾਉਣ ਵਾਲਾ ਅਕਾਲੀ-ਕਾਂਗਰਸ ਗਠਜੋੜ 'ਆਪ' ਦੀ ਸਰਕਾਰ ਆਉਣ ਤੋਂ ਬਾਅਦ ਟੁੱਟ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੋਸ਼ੀਆਂ ਨੂੰ ਫੜਨ ਲਈ ਸੁਹਿਰਦ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਦੋਵਾਂ ਘਟਨਾਵਾਂ ਵਿੱਚ ਇਨਸਾਫ਼ ਦਿਵਾਉਣ, ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਜੇਲ੍ਹ 'ਚ ਰਹਿ ਕੇ ਪਤਾ ਲੱਗਿਐ, ਹਾਲਾਤ ਬਹੁਤ ਬੁਰੇ : ਬੈਂਸ



**ਬਰਨਾਲਾ**–ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਬਰਨਾਲਾ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਹੋ ਗਏ। ਬੈਂਸ ਦੇ ਸਵਾਗਤ ਲਈ ਬਰਨਾਲਾ ਜੇਲ੍ਹ ਦੇ ਬਾਹਰ ਵੱਡੀ ਗਿਣਤੀ ਵਿਚ ਸਮਰੱਥਕ ਇਕੱਠੇ ਹੋਏ ਸਨ। ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਸਮਰਥਕਾਂ ਨੇ ਬੈਂਸ ਦਾ ਬੈਂਡ ਵਾਜਿਆਂ ਨਾਲ ਸਵਾਗਤ ਕੀਤਾ। ਵੱਡੇ ਕਾਫ਼ਲੇ ਨਾਲ ਬੈਂਸ ਜੇਲ੍ਹ ਤੋਂ ਲੁਧਿਆਣਾ ਲਈ ਰਵਾਨਾ ਹੋ ਗਏ। ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਸਾਰੇ ਮੁਕੱਦਮੇ ਸਿਆਸੀ ਰੰਜਿਸ਼ ਤਹਿਤ ਦਰਜ ਕੀਤੇ ਗਏ ਹਨ।

7 ਮਹੀਨਿਆਂ ਤੋਂ ਬਾਅਦ ਜੇਲ੍ਹ ਤੋਂ ਰਿਹਾਅ ਹੋਏ ਬੈਂਸ ਨੇ ਕਿਹਾ ਕਿ ਮੈਂ ਬੇਗੁਨਾਹ ਸੀ ਅਤੇ ਮੈਨੂੰ ਕਾਨੂੰਨ ਉਪਰ ਪੂਰਾ ਭਰੋਸਾ ਸੀ ਕਿ ਮੈਂ ਇਸ ਪੂਰੇ ਮਾਮਲੇਵਿਚੋਂ ਪਾਕ ਸਾਫ ਨਿਕਲ ਕੇ ਆਵਾਂਗਾ। ਉਨ੍ਹਾਂ ਕਿਹਾ ਕਿ ਮੈਨੂੰ ਸਿਰਫ਼ ਰਾਜਨੀਤੀ ਦਾ ਸ਼ਿਕਾਰ ਬਣਾਇਆ ਗਿਆ ਹੈ। ਲੋਕ ਅੱਜ ਵੀ ਉਨ੍ਹਾ ਨਾਲ ਖੜੇ ਹਨ ਅਤੇ ਉਨ੍ਹਾਂ ਨੂੰ ਪਿਆਰ ਕਰਦੇ ਹਨ।

ਉਨ੍ਹਾਂ ਆਪਣੇ ਪੁਰਾਣੇ ਸਾਥੀਆਂ 'ਤੇ ਹਮਲਾ ਕਰਦਿਆਂ ਕਿਹਾ ਕਿ ਉਹ ਜੇਲ੍ਹ ਸਿਰਫ਼ ਆਪਣੇ ਪੁਰਾਣੇ ਸਾਥੀਆਂ ਦੀ ਮੇਹਰਬਾਨੀ ਕਰਕੇ ਗਏ ਸਨ ਪਰੰਤੂ ਜੇਕਰ ਮੈਂ ਗੁਨਾਗਾਰ ਹੁੰਦਾ ਤਾਂ ਲੋਕ ਮੇਰੇ ਨਾਲ ਕਦੇ ਨਾ ਖੜਦੇ। ਉਨ੍ਹਾਂ ਕਿਹਾ ਕਿ ਇਸ ਬੁਰੇ ਸਮੇਂ ਵਿੱਚ ਪਰਿਵਾਰ ਦਾ ਉਨ੍ਹਾਂ ਨੂੰ ਪੂਰਾ ਸਾਥ ਮਿਲਿਆ।

ਇਸ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਸਲੇ ਉਪਰ ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ 7 ਮਹੀਨੇ ਰਹਿ ਕੇ ਮੈਂ ਅੰਦਰਲੇ ਹਾਲਾਤ ਵੇਖੇ ਹਨ, ਜੋ ਕਿ ਬਹੁਤ ਹੀ ਬੁਰੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਬੰਦੀ ਸਿੱਖ ਇੰਨੇ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ, ਮੈਂ ਉਨ੍ਹਾਂ ਦਾ ਦਰਦ ਸਮਝ ਸਕਦਾ ਹਾਂ। ਉਨ੍ਹਾਂ ਕਿਹਾ ਕਿ ਮੈਂ ਬੰਦੀ ਸਿੰਘਾਂ ਦੇ ਮੋਹਾਲੀ ਵਿਖੇ ਇਨਸਾਫ਼ ਮੋਰਚੇ ਵਿੱਚ ਵੀ ਜਾਵਾਂਗਾ ਅਤੇ ਇਨਸਾਫ਼ ਦੀ ਗੁਹਾਰ ਲਗਾਵਾਂਗਾ। ਇਸਦੇ ਨਾਲ ਹੀ ਬੈਂਸ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਜੇਲ੍ਹਾਂ ਦੇ ਹਾਲਾਤ ਤੋਂ ਜਾਣੂੰ ਕਰਵਾਉਣ ਲਈ ਮਿਲਣਗੇ।

# ਅਧਿਐਨ : ਗਲੇਸ਼ੀਅਰ ਫਟਣ ਨਾਲ ਰੁੜ ਸਕਦੀ 50 ਲੱਖ ਆਬਾਦੀ

**ਨਵੀਂ ਦਿੱਲੀ**– ਨੇਚਰ ਕਮਿਊਨੀਕੇਸ਼ਨਸ ਵਿਚ ਹਾਲ ਹੀ ਵਿਚ ਪ੍ਰਕਾਸ਼ਿਤ ਨਵੇਂ ਅਧਿਐਨ ਵਿਚ ਕਿਹਾ ਕਿ ਹਿਮਾਲੀਆਈ ਖੇਤਰਾਂ ਵਿਚ ਵਸੇ 30 ਲੱਖ ਭਾਰਤੀ ਅਤੇ 20 ਲੱਖ ਪਾਕਿਸਤਾਨੀ ਕਦੇ ਹੀ ਗਲੇਸ਼ੀਅਰ ਲੇਕ ਆਊਟਬਰਸਟ ਫਲੱਡ (ਜੀ ਐੱਲ ਓ। ਐੱਫ) ਦੀ ਲਪੇਟ ਵਿਚ ਆ ਸਕਦੇ ਹਨ। ਇਹ ਅੰਕੜਾ ਦੁਨੀਆ ਵਿਚ ਇਸ ਤਰ੍ਹਾਂ ਦੇ ਜੋਖਮ ਵਿਚ ਵਸੇ ਲੋਕਾਂ ਦੀ ਗਿਣਤੀ ਦਾ ਇਕ ਤਿਹਾਈ ਹਿੱਸਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਜੋਖਮ ਵਾਲੇ ਖੇਤਰਾਂ ਵਿਚ ਜ਼ਿਆਦਾ ਤਿੱਖੀ ਚਿਤਾਵਨੀ ਅਤੇ ਐਮਰਜੈਂਸੀ ਕਾਰਵਾਈ ਨੂੰ ਸਮਰੱਥ ਕਰਨ ਲਈ ਚਿਤਾਵਨੀ ਪ੍ਰਣਾਲੀ ਦੇ ਡਿਜ਼ਾਈਨ ਵਿਚ ਸੁਧਾਰ ਦੀ ਤਤਕਾਲ ਲੋੜ ਹੈ।



**9 ਕਰੋੜ ਆਬਾਦੀ ਗਲੇਸ਼ੀਅਰ ਝੀਲਾਂ ਨੇੜੇ**

ਵਿਸ਼ਵ ਪੱਧਰ ਦੀ ਗੱਲ ਕੀਤੀ ਜਾਵੇ ਤਾਂ 30 ਦੇਸ਼ਾਂ ਦੇ 9 ਕਰੋੜ ਲੋਕ ਗਲੇਸ਼ੀਅਰ ਝੀਲਾਂ ਵਾਲੀ 1,089 ਘਾਟੀਆਂ ਵਿਚ ਰਹਿੰਦੇ ਹਨ। ਨੇਚਰ ਕਮਿਊਨੀਕੇਸ਼ਨਸ ਵਿਚ ਹਾਲ ਹੀ ਵਿਚ ਪ੍ਰਕਾਸ਼ਿਤ ਨਵੇਂ ਅਧਿਐਨ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਵਿਚੋਂ 1.15 ਕਰੋੜ (16.18 ਫੀਸਦੀ) ਲੋਕ ਗਲੇਸ਼ੀਅਲ ਝੀਲਾਂ ਦੇ 50 ਕਿਲੋਮੀਟਰ ਦੇ ਦਾਇਰੇ ਵਿਚ ਰਹਿੰਦੇ ਹਨ। ਦੁਨੀਆ ਭਰ ਅਧਿਐਨ ਵਿਚ ਕਿਹਾ ਗਿਆ ਹੈ ਕਿ ਗਲੇਸ਼ੀਅਰ ਵਾਲੀ ਝੀਲ ਦੇ ਫਟਣ ਨਾਲ ਆਉਣ ਵਾਲੇ ਹੜ੍ਹ ਨਾਲ ਉਸ ਇਲਾਕੇ ਵਿਚ ਰਹਿਣ ਵਾਲੇ ਅੱਧੇ ਤੋਂ ਜ਼ਿਆਦਾ ਲੋਕ ਸਿਰਫ ਚਾਰ ਦੇਸ਼ਾਂ ਦੇ ਹਨ, ਜਿਸ ਵਿਚ ਭਾਰਤ, ਪਾਕਿਸਤਾਨ, ਪੇਰੂ ਅਤੇ ਚੀਨ ਸ਼ਾਮਲ ਹਨ।

**ਕੀ ਕਹਿੰਦੇ ਹਨ ਅਧਿਐਨ**

ਨਿਊਕੈਸਲ ਯੂਨੀਵਰਸਿਟੀ ਦੇ ਕੈਰੋਲੀਨਾ ਟੇਲਰ ਦੀ ਅਗਵਾਈ ਵਿਚ ਵਿਗਿਆਨੀਆਂ ਦੀ ਇਕ ਟੀਮ ਵਲੋਂ ਕੀਤੇ ਗਏ ਅਧਿਐਨ ਵਿਚ ਕਿਹਾ ਹੈ ਕਿ ਵਿਸ਼ਵ ਪੱਧਰ 'ਤੇ ਘਾਟੀਆਂ ਵਿਚ ਰਹਿਣ ਵਾਲੀ ਲਗਭਗ ਅੱਧੀ (48 ਫੀਸਦੀ) ਆਬਾਦੀ ਝੀਲਾਂ ਦੇ 20 ਕਿਲੋਮੀਟਰ ਅਤੇ 35 ਕਿਲੋਮੀਟਰ ਡਾਊਨਸਟ੍ਰੀਮ ਵਿਚਾਲੇ ਸਥਿਤ ਹੈ। ਗਲੇਸ਼ੀਅਰ ਝੀਲਾਂ ਦੇ ਸੰਪਰਕ ਵਿਚ ਆਉਣ ਵਾਲੀ ਗਲੋਬਲ ਆਬਾਦੀ ਦਾ 2 ਫੀਸਦੀ (3 ਲੱਖ) ਇਕ ਜਾਂ ਇਕ ਤੋਂ ਜ਼ਿਆਦਾ ਗਲੇਸ਼ੀਅਰ ਝੀਲਾਂ ਦੇ 5 ਕਿਲੋਮੀਟਰ ਦੇ ਅੰਦਰ ਰਹਿੰਦਾ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ 66 ਫੀਸਦੀ ਭਾਵ 1.98 ਲੱਖ ਲੋਕ ਹਾਈ ਮਾਊਂਟੇਨ ਏਸ਼ੀਆ (ਐੱਚ ਐੱਮ ਏ) ਲੜੀਆਂ ਵਿਚ ਹਨ।

**ਇਨ੍ਹਾਂ ਸੂਬਿਆਂ ਵਿਚ ਹੈ ਜੋਖਮ ਜ਼ਿਆਦਾ**

ਸੈਂਟਰ ਫਾਰ ਸਾਈਂਸ ਐਂਡ ਐਨਵਾਇਰਮੈਂਟ ਐਂਡ ਡਾਊਨ ਟੂ ਅਰਥ ਸਟੇਟ ਆਫ ਇੰਡੀਆਜ ਐਨਵਾਇਰਮੈਂਟ 2022 ਦੇ ਅੰਕੜਿਆਂ ਵਿਚ ਪਾਇਆ ਗਿਆ ਕਿ ਭਾਰਤ, ਚੀਨ ਅਤੇ ਨੇਪਾਲ ਵਿਚ ਜਲ ਪ੍ਰਸਾਰ ਖੇਤਰ ਵਿਚ 40 ਫੀਸਦੀ ਦਾ ਵਾਧਾ ਹੋਇਆ ਹੈ, ਜੋ 7 ਭਾਰਤੀ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਇਕ ਵੱਡਾ ਖਤਰਾ ਹੈ। ਇਨ੍ਹਾਂ ਵਿਚੋਂ 6 ਹਿਮਾਲੀਆਈ ਸੂਬੇ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ, ਲੱਦਾਖ, ਹਿਮਾਚਲ ਪ੍ਰਦੇਸ਼, ਸਿੱਕਮ, ਅਸਾਮ ਅਤੇ ਅਰੁਣਾਚਲ ਪ੍ਰਦੇਸ਼ ਸ਼ਾਮਲ ਹਨ।

**ਵਾਤਾਵਰਣਵਾਦੀਆਂ ਵਲੋਂ ਦਖਲਅੰਦਾਜ਼ੀ ਦੀ ਮੰਗ**

ਕਲੋਜਰ ਹੋਮ ਇਨੋਵੇਟਰ ਅਤੇ ਵਾਤਾਵਰਣਵਾਦੀ ਸੋਨਮ ਵਾਂਗਚੁਕ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੱਦਾਖ ਦੀ ਰੱਖਿਆ ਲਈ ਤਤਕਾਲ ਦਖਲਅੰਦਾਜ਼ੀ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਹਿਮਾਲਿਆ ਵਿਚ ਜਲਵਾਯੂ ਪ੍ਰਭਾਵ ਦਿਖਾਈ ਦੇ ਰਿਹਾ ਹੈ, 2009 ਤੋਂ ਬਾਅਦ ਗਲੇਸ਼ੀਅਰ ਝੀਲਾਂ ਅਤੇ ਵਾਟਰ ਸੰਸਥਾਵਾਂ ਵਿਚ ਜਲ ਪ੍ਰਸਾਰ ਖੇਤਰ ਵਿਚ ਵਾਧੇ ਦੇਖੀ ਜਾ ਰਹੀ ਹੈ।

# ਬੜੇ ਚਾਅ ਅਤੇ ਉਤਸ਼ਾਹ ਨਾਲ ਲਿਆ ਮਾਵਾਂ ਨੇ ਮਦਰਜ਼ ਵਰਕਸ਼ਾਪ ਵਿੱਚ ਭਾਗ

**ਪਠਾਨਕੋਟ, 10 ਫਰਵਰੀ (ਰਾਜਿੰਦਰ ਸਿੰਘ ਰਾਜਨ)** ਸਿੱਖਿਆ ਵਿਭਾਗ ਪੰਜਾਬ ਵੱਲੋਂ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਅੰਦਰ ਵਿਦਿਆਰਥੀਆਂ ਦੇ ਮਾਪਿਆਂ ਦੀ ਭਾਗੀਦਾਰੀ ਬਣਾਉਣ ਦੇ ਅਣਥੱਕ ਯਤਨ ਕੀਤੇ ਜਾ ਰਹੇ ਹਨ। ਇਸੇ ਸਬੰਧ ਵਿੱਚ ਅੱਜ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਅੰਦਰ ਨੰਨ੍ਹੇ ਮੁੰਨੇ



ਬੱਚਿਆਂ ਦੀਆਂ ਮਾਵਾਂ ਨੂੰ ਉਹਨਾਂ ਦੇ ਬੱਚਿਆਂ ਪ੍ਰਤੀ ਹੋਰ ਸੰਵੇਦਨਸ਼ੀਲ ਬਣਾਉਣ ਅਤੇ ਘਰ ਵਿੱਚ ਆਪਣੇ ਬੱਚਿਆਂ ਨੂੰ ਕੰਮ ਕਰਵਾਉਣ ਦੇ ਉਦੇਸ਼ ਨਾਲ ਮਾਵਾਂ ਨੂੰ ਸਕੂਲ ਵਿੱਚ ਬੁਲਾ ਕੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਸਬੰਧੀ ਸਰਕਾਰੀ ਪ੍ਰਾਇਮਰੀ ਸਕੂਲ ਸਿਆਲੀ ਕੁੱਲੀਆਂ, ਸਰਕਾਰੀ ਪ੍ਰਾਇਮਰੀ ਸਕੂਲ ਮਿਸ਼ਨ ਰੋਡ, ਸਰਕਾਰੀ ਪ੍ਰਾਇਮਰੀ ਸਕੂਲ ਮਾਮੂਨ ਵਿਖੇ ਮਦਰ ਵਰਕਸ਼ਾਪ ਵਿੱਚ ਸ਼ਾਮਲ ਹੋ ਕੇ ਮਾਵਾਂ ਨੂੰ ਵੱਧ ਤੋਂ ਵੱਧ ਸਕੂਲ ਵਿਚ ਅਧਿਆਪਕ ਸਹਿਬਾਨ ਨਾਲ ਰਾਬਤਾ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਕਿਹਾ ਕਿ ਮਦਰ ਵਰਕਸ਼ਾਪ ਦਾ ਮੁੱਖ ਉਦੇਸ਼ ਮਾਵਾਂ ਅਤੇ ਸਕੂਲ ਵਿਚਕਾਰ ਆਪਸੀ ਤਾਲਮੇਲ ਸਥਾਪਿਤ ਕਰਨਾ ਹੈ । ਇਸਦੇ ਨਾਲ ਨਾਲ ਮਾਵਾਂ ਨੂੰ ਘਰ ਵਿਚ ਬੱਚਿਆਂ ਨੂੰ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਅਤੇ ਵਰਤੇ ਜਾਂ ਵਾਲੇ ਸਮਾਨ ਬਾਰੇ ਜਾਣਕਾਰੀ ਦੇਣਾ ਹੈ । ਉਹਨਾਂ ਕਿਹਾ ਕਿ ਅੱਜ ਦੀ ਵਰਕਸ਼ਾਪ ਵਿੱਚ ਬਾਲ ਮਨੋਵਿਗਿਆਨ, ਪੋਸ਼ਣ ਅਤੇ ਸਿਹਤ ਦੀ ਜਾਗਰੂਕਤਾ ਸਬੰਧੀ ਜਾਣਕਾਰੀ ਦੇਣ ਦੇ ਨਾਲ ਨਾਲ ਵੱਖ ਵੱਖ ਗਤੀਵਿਧੀਆਂ ਵਿੱਚ ਮਾਵਾਂ ਦੀ ਭਾਗੀਦਾਰੀ ਬਣਾਈ ਗਈ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਵਨੀਤ ਮਹਾਜਨ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ ਅਤੇ ਸਮੂਹ ਸਕੂਲਾਂ ਦਾ ਸਟਾਫ਼ ਹਾਜ਼ਰ ਸੀ।

# ਸਾਇੰਸ, ਗਣਿਤ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਦੇ ਅਧਿਆਪਕਾਂ ਦੇ ਚਾਰ ਰੋਜ਼ਾ ਸੈਮੀਨਾਰ ਸਫਲਤਾਪੂਰਵਕ ਸਮਾਪਤ

**ਪਠਾਨਕੋਟ, 10 ਫਰਵਰੀ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ ਕੁਮਾਰ ਦੀ ਯੋਗ ਅਗਵਾਈ ਵਿੱਚ ਅਤੇ ਡਾਇਟ ਪ੍ਰਿੰਸੀਪਲ ਹਰਿੰਦਰ ਸਿੰਘ ਸੈਣੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ ਦੇ ਸਹਿਯੋਗ ਨਾਲ ਡਾਇਟ ਪਠਾਨਕੋਟ ਵਿਖੇ ਜ਼ਿਲ੍ਹੇ ਦੇ ਸਮੂਹ ਸਰਕਾਰੀ ਹਾਈ ਤੇ ਸੈਕੰਡਰੀ ਸਕੂਲਾਂ ਦੇ ਮਾਸਟਰ ਕੇਡਰ ਅਧਿਆਪਕਾਂ ਦੇ ਸਾਇੰਸ, ਗਣਿਤ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਵਿਸ਼ੇ ਦੇ ਚਾਰ ਰੋਜ਼ਾ ਸੈਮੀਨਾਰ ਅੱਜ ਸਫਲਤਾਪੂਰਵਕ ਸਪੰਨ ਹੋ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ ਕੁਮਾਰ, ਡਾਇਟ ਪ੍ਰਿੰਸੀਪਲ ਹਰਿੰਦਰ ਸਿੰਘ ਸੈਣੀ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ ਨੇ ਦੱਸਿਆ ਕਿ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਇਹ ਸੈਮੀਨਾਰ ਲਗਾਏ ਗਏ ਹਨ, ਜਿਸ ਵਿੱਚ ਐਸ.ਡੀ. ਕਾਲਜ ਪਠਾਨਕੋਟ, ਪਠਾਨਕੋਟ ਕਾਲਜ਼ ਆਫ਼ ਐਜੂਕੇਸ਼ਨ ਅਤੇ ਸਾਈਂ ਕਾਲਜ਼ ਆਫ਼ ਐਜੂਕੇਸ਼ਨ ਦੇ ਪ੍ਰੋਫੈਸਰਾਂ ਵੱਲੋਂ ਅਧਿਆਪਕਾਂ ਨਾਲ ਤਨਾਅ ਪ੍ਰਬੰਧਨ, ਰਾਸ਼ਟਰੀ ਸਿੱਖਿਆ ਪਾਲਿਸੀ 2020, ਟਾਇਮ ਮੈਨੇਜਮੈਂਟ, ਬਾਲ ਮਨੋਵਿਗਿਆਨ, ਪ੍ਰਭਾਵਸ਼ਾਲੀ ਸੰਚਾਰ ਬਾਰੇ ਵਿਸਥਾਰ ਸਾਹਿਤ ਚਰਚਾ ਕੀਤੀ ਗਈ ਹੈ।





ਉਨ੍ਹਾਂ ਜਾਣਕਾਰੀ ਦਿੱਤੀ ਕਿ 07 ਅਤੇ 08 ਫ਼ਰਵਰੀ ਨੂੰ ਗਣਿਤ ਤੇ ਵਿਗਿਆਨ ਅਤੇ 09 ਅਤੇ 10 ਫ਼ਰਵਰੀ ਨੂੰ ਸਮਾਜਿਕ ਸਿੱਖਿਆ ਤੇ ਅੰਗਰੇਜ਼ੀ ਵਿਸ਼ੇ ਨਾਲ ਸੰਬੰਧਤ ਹਾਈ ਤੇ ਸੈਕੰਡਰੀ ਅਧਿਆਪਕਾਂ ਦੀ 2 ਰੋਜ਼ਾ ਵਰਕਸ਼ਾਪ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਨੂੰ ਸੰਚਾਰੂ ਢੰਗ ਨਾਲ ਚਲਾਉਣ ਅਤੇ ਅਧਿਆਪਕ ਦੀ ਸਹੂਲਤ ਨੂੰ ਮੁੱਖ ਰੱਖਦੇ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਪਠਾਨਕੋਟ ਲਮੀਨੀ ਵਿੱਚ ਅਧਿਆਪਕਾਂ ਦੀ ਵਰਕਸ਼ਾਪ ਲਗਾਈ ਗਈ ਹੈ ਅਤੇ ਅੰਤਿਮ ਦਿਨ ਅਧਿਆਪਕਾਂ ਨਾਲ ਅੰਗਰੇਜ਼ੀ ਅਤੇ ਸਮਾਜਿਕ ਵਿਸ਼ੇ ਨਾਲ ਸੰਬੰਧਤ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਤੇ ਡੀਐਮ ਅੰਗਰੇਜ਼ੀ ਸ਼ਮੀਰ ਸ਼ਰਮਾ, ਡੀਐਮ ਸਾਇੰਸ ਸੰਜੀਵ ਸ਼ਰਮਾ, ਡੀਐਮ ਗਣਿਤ ਅਮਿਤ ਵਸ਼ਿਸ਼ਟ, ਰਮੇਸ਼ ਕੁਮਾਰ, ਚੇਤਨ ਅੱਤਰੀ, ਮੁਨੀਸ਼, ਰਿਸੋਰਸ ਪਰਸਨ ਸੋਹਨ ਲਾਲ ਸਾਈਂ ਕਾਲਜ਼ ਆਫ਼ ਐਜੂਕੇਸ਼ਨ, ਗੀਤਾਂਜਲੀ ਪਠਾਨਕੋਟ ਕਾਲਜ਼ ਆਫ਼ ਐਜੂਕੇਸ਼ਨ, ਨੇਹਾ ਤਿਆਗੀ ਅਤੇ ਸ਼ਵੇਤਾ ਐਸ.ਡੀ ਕਾਲਜ ਆਫ਼ ਐਜੂਕੇਸ਼ਨ, ਡਾ. ਵਿਨੋਦ ਮਹਾਜਨ, ਉਮਾ ਸ਼ਰਮਾ, ਦੀਪੀਕਾ, ਅਮਰਜੀਤ ਸਿੰਘ, ਸ਼ਵੇਤਾ, ਵੰਦਨਾ, ਜ਼ਿਲ੍ਹਾ ਕੋਆਰਡੀਨੇਟਰ ਮੀਡੀਆ ਸੈਲ ਬਲਕਾਰ ਅੱਤਰੀ ਆਦਿ ਹਾਜ਼ਰ ਸਨ।

# ਪੰਜਾਬੀ ਭਾਸ਼ਾ ਦੀ ਸੁਰੱਖਿਆ ਲਈ ਲੋਕ ਲਹਿਰ ਸਿਰਜਣ ਦੀ ਲੋੜ-ਪ੍ਰੋ ਸੰਧੂ ਵਰਿਆਣਵੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** 'ਪੰਜਾਬੀ ਭਾਸ਼ਾ ਦੀ ਸੁਰੱਖਿਆ ਲਈ ਲੋਕ ਲਹਿਰ ਦੀ ਸਿਰਜਣਾ ਬਹੁਤ ਜ਼ਰੂਰੀ ਹੈ'। ਇਹ ਪ੍ਰਗਟਾਵਾ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਨੇ ਕੀਤਾ। ਉਹ ਪਿੰਡ ਸਾਹਲੋਂ ਵਿਖੇ ਨਾਮਵਰ ਲੇਖਕ ਸਤਪਾਲ ਸਾਹਲੋਂ ਦੇ ਕੈਨੇਡਾ ਫੇਰੀ ਬਾਅਦ ਵਤਨ ਵਰਤਣ 'ਤੇ ਸਵਾਗਤੀ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਸਨ।



ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਇੱਕ ਪਾਸੇ ਤਾਂ ਸਰਕਾਰੀ/ ਗ਼ੈਰ ਸਰਕਾਰੀ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਨੂੰ ਆਖ ਰਹੀ ਹੈ ਦੂਜੇ ਪਾਸੇ ਖ਼ੁਦ ਹੀ ਆਪਣੇ ਆਦੇਸ਼ ਪੱਤਰਾਂ ਲਈ ਅੰਗਰੇਜ਼ੀ ਦੀ ਵਰਤੋਂ ਕਰ ਰਹੀ ਹੈ।ਇਸ ਮੌਕੇ ਸਤਪਾਲ ਸਾਹਲੋਂ ਦਾ ਪ੍ਰੋ. ਸੰਧੂ ਵਰਿਆਣਵੀ, ਦਵਿੰਦਰ ਸਕੋਹਪੁਰੀ, ਸੁਰਜੀਤ ਮਜਾਰੀ, ਦਵਿੰਦਰ ਬੇਗ਼ਮਪੁਰੀ ਆਦਿ ਵਲੋਂ ਫੁੱਲ ਮਲਾਵਾਂ ਨਾਲ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਸਤਪਾਲ ਸਾਹਲੋਂ ਨੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਅਤੇ ਮੋਟਰੀਅਲ ਸ਼ਹਿਰਾਂ ਨਾਲ ਜੁੜੀਆਂ ਯਾਦਾਂ ਦੀ ਸਾਂਝ ਪਾਈ ਅਤੇ ਮਾਸਿਕ ਅਦਬੀ ਮਹਿਕ ਦੇ ਸੰਪਾਦਕ ਵਜੋਂ, ਨਵਜੋਤ ਸਾਹਿਤ ਸੰਸਥਾ ਦੇ ਪ੍ਰਧਾਨ ਵਜੋਂ, ਕਿਤਾਬਾਂ ਦੇ ਲੇਖਕ ਵਜੋਂ ਅਤੇ ਸਮਾਜਿਕ ਸੇਵਾਵਾਂ 'ਚ ਮੋਹਰੀ ਹਿੱਸੇਦਾਰੀ ਵਜੋਂ ਨਿਭਾਏ ਸਫ਼ਰ ਬਾਰੇ ਵਿਚਾਰਾਂ ਰੱਖੀਆਂ।

## ਸੀਤਲ ਸਿੰਘ ਸੰਘਾ ਨੂੰ ਸਦਮਾ

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਅਫ਼ਸੋਸ ਦਾ ਪ੍ਰਗਟਾਵਾ

**ਜਲੰਧਰ: 13 ਫਰਵਰੀ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨ-ਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ ਦੀ ਭੈਣ ਬੀਬੀ ਸਿਮਰ ਕੌਰ ਉਰਫ਼ ਰਵਿੰਦਰ ਕੌਰ ਦੇ ਸਦੀਵੀ ਵਿਛੋੜੇ 'ਤੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਹ ਬਹੁਤ ਹੀ ਨੇਕ ਦਿਲ, ਮਿਹਨਤੀ ਅਤੇ ਜਮਹੂਰੀ ਕਦਰਾਂ ਕੀਮਤਾਂ ਦੇ ਹਮਾਇਤੀ ਖਿਆਲਾਂ ਦੇ ਸਨ। ਉਹ ਬੀਤੇ ਕੁਝ ਅਰਸੇ ਤੋਂ ਬੀਮਾਰ ਚਲੇ ਆ ਰਹੇ ਸਨ। ਅੱਜ ਅਚਨਚੇਤ ਉਹ ਸਦੀਵੀ ਵਿਛੋੜਾ ਦੇ ਗਏ ਅਤੇ ਉਨ੍ਹਾਂ ਦਾ ਅੱਜ ਸਹੁਰੇ ਪਿੰਡ ਸ਼ੰਕਰ ਵਿਖੇ ਅੰਤਿਮ ਸਸਕਾਰ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਬੀਬੀ ਸਿਮਰ ਕੌਰ ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਭਿਆਚਾਰਕ ਸਰਗਰਮੀਆਂ ਵਿੱਚ ਲੰਮੇ ਅਰਸੇ ਤੋਂ ਯੋਗਦਾਨ ਪਾਉਂਦੇ ਆ ਰਹੇ ਪ੍ਰੋ. ਰਣਜੀਤ ਕੌਰ ਕਾਲਾ ਸੰਘਿਆਂ ਦੇ ਮਾਤਾ ਜੀ ਹਨ। ਸਮੁੱਚੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਬੀਬੀ ਸਿਮਰ ਕੌਰ ਦੇ ਸਮੂਹ ਪਰਿਵਾਰ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ।

# 3 ਵਿਦਿਆਰਥੀਆਂ ਦੀ ਹੱਤਿਆ ਕਰਨ ਵਾਲਾ ਸ਼ੱਕੀ ਦੋਸ਼ੀ ਦੋ ਹੋਰ ਸਕੂਲਾਂ ਨੂੰ ਨਿਸ਼ਾਨਾ ਬਣਾਉਣਾ ਚਹੁੰਦਾ ਸੀ-ਪੁਲਿਸ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–**ਬੰਦੂਕਧਾਰੀ ਜਿਸ ਨੇ ਮਿਸ਼ੀਗਨ ਸਟੇਟ ਯੂ-ਨੀਵਰਸਿਟੀ ਵਿਚ ਗੋਲੀਆਂ ਚਲਾ ਕੇ 3 ਵਿਦਿਆਰਥੀਆਂ ਦੀ





ਹੱਤਿਆ ਕਰ ਦਿੱਤੀ ਤੇ 5 ਹੋਰਨਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਹੈ, ਦੀ ਯੋਜਨਾ ਨਿ-ਊਜਰਸੀ ਦੇ 2 ਹੋਰ ਸਕੂਲਾਂ ਉਪਰ ਹਮਲਾ ਕਰਨ ਦੀ ਸੀ। ਇਹ ਪ੍ਰਗਟਾਵਾ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ । ਮਿਸ਼ੀਗਨ ਸਟੇਟ ਯੁਨੀਵਰਸਿਟੀ ਪੁਲਿਸ ਅਨੁਸਾਰ 43 ਸਾਲਾ ਐਨਥਨੀ ਡਵੇਨ ਮੈਕਰੇ ਨੇ ਸੋਮਵਾਰ ਦੀ ਸ਼ਾਮ ਨੂੰ ਯੁਨੀਵਰਸਿਟੀ ਵਿਚ ਅੰਧਾਧੁੰਦ ਗੋਲੀਆਂ ਚਲਾਉਣ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਕੇ ਖਤਮ ਕਰ ਲਿਆ ਸੀ। ਜਦੋਂ ਪੁਲਿਸ ਨੇ ਮੈਕਰੇ ਦੀ ਤਲਾਸ਼ੀ ਲਈ ਤਾਂ ਉਸ ਦੀ ਜੇਬ ਵਿਚੋਂ ਇਕ ਨੋਟ ਮਿਲਿਆ ਜਿਸ ਵਿਚ ਦੋ ਸਕੂਲਾਂ ਨੂੰ ਅਗਲਾ ਨਿਸ਼ਾਨਾ ਬਣਾਉਣ ਦਾ ਜਿਕਰ ਹੈ। ਜਦੋਂ ਉਸ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ ਤਾਂ ਵਿਦਿਆਰਥੀਆਂ ਨੇ ਖਿੜਕੀਆਂ ਵਿਚੋਂ ਛਾਲਾਂ ਮਾਰ ਕੇ ਆਪਣੇ ਆਪ ਨੂੰ ਬਚਾਉਣ ਦਾ ਯਤਨ ਕੀਤਾ।

# ਨਵਾਂਸ਼ਹਿਰ ਤੇ ਬਲਾਚੌਰ 'ਚ ਕੌਮੀ ਲੋਕ ਅਦਾਲਤ ਵਿੱਚ 2114 ਕੇਸਾਂ ਦਾ ਮੌਕੇ 'ਤੇ ਨਿਪਟਾਰਾ

## 15 ਬੈਚਾਂ ਨੇ 12,70,58,356/- ਰੁਪਏ ਦੇ ਅਵਾਰਡ ਸੁਣਾਏ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਅੱਜ ਨਵਾਂਸ਼ਹਿਰ ਅਤੇ ਬਲਾਚੌਰ ਵਿਖੇ ਲਾਈ ਗਈ ਕੌਮੀ ਲੋਕ ਅਦਾਲਤ ਦੌਰਾਨ ਸੁਣਵਾਈ ਲਈ ਆਏ 3310 ਕੇਸਾਂ ਵਿੱਚੋਂ 2114 ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ, ਕੰਵਲਜੀਤ ਸਿੰਘ ਬਾਜਵਾ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਹਦਾਇਤਾਂ ਤੇ ਲਈ ਗਈ ਇਸ ਲੋਕ ਅਦਾਲਤ ਦੌਰਾਨ ਨਿਪਟਾਏ ਗਏ ਮਾਮਲਿਆਂ ਚ 12,70,58,356/- ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਕਮਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਕੌਮੀ ਲੋਕ ਅਦਾਲਤ ਦੌਰਾਨ 15 ਬੈਂਚ ਲਾਏ ਗਏ, ਜਿਨ੍ਹਾਂ ਦਾ ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ ਵੱਲੋਂ ਨਿਰੀਖਣ ਵੀ ਕੀਤਾ ਗਿਆ ਅਤੇ ਕੁਝ ਮਾਮਲਿਆਂ ਦੀ ਸੁਣਵਾਈ ਵੀ ਦੇਖੀ ਗਈ। ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਕੌਮੀ ਨੈਸ਼ਨਲ ਅਦਾਲਤ ਦੌਰਾਨ ਕੇਸਾਂ ਦੀ ਸੁਣਵਾਈ ਲਈ ਜ਼ਿਲ੍ਹਾ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ 11 ਬੈਂਚ ਅਤੇ ਸਵ-ਡਵੀਜ਼ਨ, ਬਲਾਚੌਰ ਵਿਖੇ 04 ਬੈਂਚ ਲਗਾਏ ਗਏ। ਇਨ੍ਹਾਂ ਬੈਂਚਾਂ ਦੀ ਪ੍ਰਧਾਨਗੀ ਸਤਵਿੰਦਰ ਸਿੰਘ, ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ), ਕੁਲਜੀਤ ਸਿੰਘ, ਪ੍ਰਧਾਨ, ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਣ ਕਮਿਸ਼ਨ, ਕਰੁਨੇਸ਼ ਕੁਮਾਰ, ਵਧੀਕ ਜ਼ਿਲ੍ਹਾ ਤੇ ਸ਼ੈਸਨ ਜੱਜ-1, ਮੈਡਮ ਪਰਮਿੰਦਰ ਕੌਰ, ਸਿਵਲ ਜੱਜ (ਸੀਨੀਅਰ ਡੀਵੀਜ਼ਨ), ਜਗਬੀਰ ਸਿੰਘ ਮਹਿੰਦੀਰੱਤਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਮੈਡਮ ਰਾਧਿਕਾ ਪੁਰੀ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜਨ), ਮੈਡਮ ਮੋਨਿਕਾ ਚੌਹਾਨ, ਸਿਵਲ ਜੱਜ (ਜੂਨੀਅਰ ਡੀਵੀਜਨ), ਮੈਡਮ ਕਵਿਤਾ, ਸਿਵਲ ਜੱਜ (ਜੂਨੀਅਰ ਡੀਵੀਜਨ), ਸਰਵੇਸ਼ ਸਿੰਘ, ਸਿਵਲ ਜੱਜ (ਜੂਨੀਅਰ ਡਵੀਜ਼ਨ), ਸੁਖਵਿੰਦਰ ਸਿੰਘ, ਸਬ-ਡਵੀਜ਼ਨਲ ਜੂਡੀਸ਼ੀਅਲ ਮੈਜਿਸਟ੍ਰੇਟ ਅਤੇ ਡਾਕਟਰ ਸੀਮਾ ਅਗਨੀਹੋਤਰੀ, ਸਿਵਲ ਜੱਜ ਜੂਨੀਅਰ ਡਵੀਜ਼ਨ, ਬਲਾਚੌਰ ਵੱਲੋਂ ਕਰਦਿਆਂ ਇਸ ਕੌਮੀ ਲੋਕ ਅਦਾਲਤ ਵਿੱਚ ਲੱਗੇ ਵੱਖ-ਵੱਖ ਤਰ੍ਹਾਂ ਦੇ ਕੇਸਾਂ ਦਾ ਦੋਵੇ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ ਇਨ੍ਹਾਂ ਬੈਚਾਂ ਦੇ ਨਾਲ ਮੈਂਬਰ ਦੇ ਤੌਰ 'ਤੇ ਐਡਵੋਕੇਟ ਸ਼ਾਮਲ ਸਨ। ਜ਼ਿਲ੍ਹਾ ਤੇ ਸ਼ੈਸਨ ਜੱਜ ਨੇ ਅੱਗੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦਾ ਮੁੱਖ ਮਨੋਰਥ ਸਮਝੌਤੇ, ਰਾਜੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਸਬੰਧਤ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਵੀ ਘਟਾਈ ਜਾ ਸਕੇ ਤੇ ਲੋਕਾਂ ਵਿੱਚ ਆਪਸੀ ਭਾਈਚਾਰਾ ਤੇ ਪਿਆਰ ਬਣਿਆ ਰਹੇ।






ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਜੀ ਦਾ 646ਵਾਂ ਗੁਰਪੁਰਬ ਮਿਤੀ 10, 11 ਅਤੇ 12 ਮਾਰਚ 2023 ਨੂੰ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!
ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਗੁਰਪੁਰਬ ਦਿਹਾੜਾ ਮਿਤੀ 10, 11 ਅਤੇ 12 ਮਾਰਚ 2023 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਕੈਲੇਫੋਰਨੀਆ) ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬਾਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ 'ਤੇ ਸੰਪਰਕ ਕਰੋ ਜੀ : 916-992-1710**

**Shri Guru Ravidass Temple, 6221 16th Street, Rio Linda, (CA) 95673**



# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

# ਭਾਰਤ ਦੇ ਲੋਕ ਗਰੀਬ ਤੇ ਸਿਆਸਤਦਾਨਾਂ ਦੀ ਦੌਲਤ 'ਚ ਹੋ ਰਿਹਾ ਵਾਧਾ-ਰਿਪੋਰਟ

**ਨਵੀਂ ਦਿੱਲੀ–**ਦੁਨੀਆ ਵਿਚ ਰਿਆਸਤ/ਸਟੇਟ ਦੇ ਹੋਂਦ ਵਿਚ ਆਉਣ ਨਾਲ ਸੱਤਾ ਤੇ ਧਨ ਵਿਚਲਾ ਰਿਸ਼ਤਾ ਵੀ ਹੋਂਦ ਵਿਚ ਆਇਆ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਾਈਟਜ਼ ਨੇ ਲੋਕ ਸਭਾ ਦੇ 2009, 2014 ਅਤੇ 2019 ਵਿਚ ਲਗਾਤਾਰ ਚੁਣੇ ਗਏ 71 ਮੈਂਬਰਾਂ ਦੀ ਦੌਲਤ ਵਿਚ ਹੋਏ ਵਾਧੇ ਬਾਰੇ ਰਿਪੋਰਟ ਜਾਰੀ ਕੀਤੀ ਹੈ। 2009 ਵਿਚ ਇਨ੍ਹਾਂ 71 ਸੰਸਦ ਮੈਂਬਰਾਂ ਦੀ ਔਸਤ ਦੌਲਤ 6।15 ਕਰੋੜ ਰੁਪਏ ਸੀ ਜੋ 2019 ਵਿਚ ਵਧ ਕੇ 23।75 ਕਰੋੜ ਰੁਪਏ ਹੋ ਗਈ, ਭਾਵ ਹਰ ਮੈਂਬਰ ਦੀ ਦੌਲਤ ਵਿਚ ਔਸਤ 286 ਫ਼ੀਸਦੀ ਵਾਧਾ ਹੋਇਆ; 2009 ਦੇ ਮੁਕਾਬਲੇ 2019 ਵਿਚ ਇਨ੍ਹਾਂ ਵਿਅਕਤੀਆਂ ਦੀ ਦੌਲਤ ਔਸਤਨ ਚੌਗੁਣੀ ਹੋ ਗਈ ਹੈ।



ਸਭ ਤੋਂ ਵੱਡਾ ਵਾਧਾ ਭਾਰਤੀ ਜਨਤਾ ਪਾਰਟੀ ਦੇ ਬੀਜਾਪੁਰ (ਕਰਨਾਟਕ) ਹਲਕੇ ਤੋਂ ਨੁਮਾਇੰਦੇ ਜੇਆਰ ਚੰਦੱਪਾ ਦੀ ਦੌਲਤ ਵਿਚ ਹੋਇਆ: ਦਸ ਸਾਲਾਂ (2009 ਤੋਂ 2019 ਤਕ) ਵਿਚ ਉਸ ਦੀ ਦੌਲਤ 4189 ਫ਼ੀਸਦੀ ਹੋ ਗਈ; 2009 ਵਿਚ ਉਸ ਕੋਲ 1।17 ਕਰੋੜ ਰੁਪਏ ਦੀ ਜਾਇਦਾਦ ਸੀ ਜੋ 2019 ਵਿਚ ਵਧ ਕੇ 50।4 ਕਰੋੜ ਰੁਪਏ ਹੋ ਗਈ। ਇਸੇ ਸੂਬੇ ਤੋਂ ਭਾਜਪਾ ਦੇ ਬੰਗਲੁਰੂ ਸੈਂਟਰਲ ਤੋਂ ਨੁਮਾਇੰਦੇ ਪੀਵੀ ਮੋਹਨ ਦੀ ਜਾਇਦਾਦ ਇਨ੍ਹਾਂ ਦਸ ਸਾਲਾਂ ਵਿਚ 1306 ਫ਼ੀਸਦੀ ਵਧੀ; 2009 ਵਿਚ ਉਸ ਕੋਲ 5 ਕਰੋੜ ਰੁਪਏ ਦੀ ਦੌਲਤ ਸੀ ਜੋ 2019 ਵਿਚ 75।5 ਕਰੋੜ ਰੁਪਏ ਹੋ ਗਈ। ਤੀਸਰੇ ਨੰਬਰ 'ਤੇ ਭਾਜਪਾ ਦਾ ਉੱਤਰ ਪ੍ਰਦੇਸ਼ ਤੋਂ ਲੋਕ ਸਭਾ ਮੈਂਬਰ ਵਰੁਣ ਗਾਂਧੀ ਹੈ ਜਿਸ ਦੀ ਦੌਲਤ ਵਿਚ 1124 ਫ਼ੀਸਦੀ ਦਾ ਵਾਧਾ ਹੋਇਆ। ਚੌਥੇ ਨੰਬਰ 'ਤੇ ਉੜੀਸਾ ਤੋਂ ਬੀਜੂ ਜਨਤਾ ਦਲ ਦਾ ਪੁਰੀ ਹਲਕੇ ਤੋਂ ਨੁਮਾਇੰਦਾ ਪਿਨਾਕੀ ਮਿਸ਼ਰਾ ਹੈ ਜਿਸ ਦੀ ਦੌਲਤ ਵਿਚ 296 ਫ਼ੀਸਦੀ ਦਾ ਵਾਧਾ ਹੋਇਆ। ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਪੰਜਵੇਂ ਨੰਬਰ 'ਤੇ ਹੈ ਜਿਸ ਦੀ ਦੌਲਤ ਵਿਚ ਇਸੇ ਸਮੇਂ ਦੌਰਾਨ 261 ਫ਼ੀਸਦੀ ਦਾ ਵਾਧਾ ਹੋਇਆ। ਭਾਜਪਾ ਦੀ ਉੱਤਰ ਪ੍ਰਦੇਸ਼ ਤੋਂ ਮੈਂਬਰ ਮੇਨਕਾ ਗਾਂਧੀ ਦੀ ਦੌਲਤ ਵੀ 217 ਫ਼ੀਸਦੀ ਵਧੀ।

ਸੁਆਲ ਇਹ ਹੈ ਕਿ ਭਾਰਤ ਦੇ ਮੱਧ ਵਰਗ ਤੇ ਨਿਮਨ ਮੱਧ ਵਰਗ ਦੇ ਲੋਕਾਂ ਦੀ ਆਮਦਨ ਕਿਉਂ ਘਟ ਰਹੀ ਹੈ; ਮਿਹਨਤਕਸ਼ ਲੋਕਾਂ ਅਤੇ ਖ਼ਾਸ ਕਰ ਕੇ ਦਿਹਾੜੀਦਾਰਾਂ ਦੀ ਉਜਰਤ ਏਨੀ ਘੱਟ ਕਿਉਂ ਹੈ; ਬੇਰੁਜ਼ਗਾਰੀ ਅਤੇ ਮਹਿੰਗਾਈ ਏਨੀ ਤੇਜ਼ੀ ਨਾਲ ਕਿਉਂ ਵਧ ਰਹੀਆਂ ਹਨ? ਇਹ ਵੀ ਪ੍ਰਤੱਖ ਹੈ ਕਿ ਸਿਆਸਤਦਾਨਾਂ ਦੀ ਆਮਦਨ ਵਿਚ ਤੇਜ਼ੀ ਨਾਲ ਵਾਧਾ ਹੁੰਦਾ ਹੈ; ਉਨ੍ਹਾਂ ਦੀ ਵਧਦੀ ਦੌਲਤ ਤੇ ਬੇਤਹਾਸ਼ਾ ਅਮੀਰੀ ਪ੍ਰਤੱਖ ਦਿਖਾਈ ਦਿੰਦੇ ਹਨ।

ਇਨ੍ਹਾਂ ਸਵਾਲਾਂ ਦੇ ਨਾਲ ਨਾਲ ਸਵਾਲ ਸਮਾਜਿਕ ਸੂਝ 'ਤੇ ਵੀ ਉੱਠਦੇ ਹਨ: ਕੀ ਵੋਟਰਾਂ ਨੂੰ ਇਨ੍ਹਾਂ ਹਕੀਕਤਾਂ ਦਾ ਪਤਾ ਨਹੀਂ ਹੈ; ਵੋਟਰ ਸਿਆਸਤਦਾਨਾਂ ਨੂੰ ਕਿਸ ਆਧਾਰ 'ਤੇ ਵੋਟਾਂ ਪਾਉਂਦੇ ਹਨ; ਵੋਟਰ ਸਿਆਸਤਦਾਨਾਂ ਦੀ ਜਵਾਬਦੇਹੀ ਤੈਅ ਕਿਉਂ ਨਹੀਂ ਕਰਦੇ? 1990ਵਿਆਂ ਤੋਂ ਬਾਅਦ ਅਜਿਹੇ ਨਿਜ਼ਾਮ ਦੀ ਉਸਾਰੀ ਹੋਈ ਹੈ ਜਿਸ ਵਿਚ ਪਹਿਲਾਂ ਤੋਂ ਹੀ ਅਮੀਰ ਵਿਅਕਤੀਆਂ ਦੀ ਆਮਦਨ ਤੇਜ਼ੀ ਨਾਲ ਵਧੀ ਹੈ ਅਤੇ ਘੱਟ ਸਾਧਨਾਂ ਵਾਲੇ ਲੋਕਾਂ ਦੀ ਆਮਦਨ ਘਟੀ ਹੈ। ਜਨਤਾ ਤੇ ਮੀਡੀਆ ਵਲੋਂ ਇਹ ਸਵਾਲ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਸਿਆਸਤਦਾਨਾਂ ਨੇ ਆਪਣੀ ਦੌਲਤ ਦਾ ਕਿੰਨਾ ਹਿੱਸਾ ਸਮਾਜਿਕ ਕੰਮਾਂ ਅਤੇ ਖ਼ਾਸ ਕਰ ਕੇ ਵਿੱਦਿਆ ਤੇ ਸਿਹਤ ਦੇ ਖੇਤਰਾਂ ਵਿਚ ਲਾਇਆ ਹੈ।

# ਲੀਬੀਆ 'ਚ ਫਸੇ ਚਾਰ ਭਾਰਤੀ ਵਤਨ ਪਰਤੇ



**ਨਵੀਂ ਦਿੱਲੀ–** ਲੀਬੀਆ 'ਚ ਫਸੇ 12 ਭਾਰਤੀਆਂ ਚੋਂ 4 ਭਾਰਤ ਪਰਤ ਗਏ ਹਨ। ਭਾਰਤ ਪਰਤ ਕੇ ਉਨ੍ਹਾਂ ਨੇ ਸਰਕਾਰ ਦਾ ਧੰਨਵਾਦ ਕੀਤਾ ਹੈ। ਦੱਸ ਦੇਈਏ ਕਿ ਨੌਜਵਾਨ ਟਰੈਵਲ ਏਜੰਟ ਦੇ ਝਾਂਸੇ 'ਚ ਆ ਕੇ ਵਿਦੇਸ਼ 'ਚ ਫਸ ਗਏ ਸਨ। ਦੇਸ਼ ਪਰਤੇ ਭਾਰਤੀਆਂ 'ਚੋਂ 3 ਪੰਜਾਬ ਤੇ 1 ਬਿਹਾਰ ਦਾ ਰਹਿਣ ਵਾਲਾ, ਲੁਧਿਆਣਾ, ਫਗਵਾੜਾ ਅਤੇ ਅਨੰਦਪੁਰ ਦੇ ਨੌਜਵਾਨ ਪਰਤੇ ਹਨ। ਅਜੇ ਵੀ 8 ਭਾਰਤੀ ਵਿਦੇਸ਼ ਚ ਫਸੇ ਹਨ। ਦੱਸ ਦੇਈਏ ਕਿ ਪੰਜਾਬ, ਹਿਮਾਚਲ ਅਤੇ ਬਿਹਾਰ ਦੇ 12 ਨੌਜਵਾਨ ਪੈਸੇ ਕਮਾਉਣ ਲਈ ਲੀਬੀਆ ਗਏ ਸਨ, ਪਰ ਉੱਥੇ ਹੀ ਫਸ ਗਏ। ਉਨ੍ਹਾਂ ਨੇ ਸਰਕਾਰ ਤੋਂ ਸੁਰੱਖਿਅਤ ਬਾਹਰ ਕੱਢਣ ਲਈ ਵੀਡੀਓ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਨ ਦੀ ਬੇਨਤੀ ਕੀਤੀ ਸੀ।

# ਸਿੱਧੂ ਦੀ ਥਾਰ 'ਤੇ 'ਪੰਜਾਬ ਯਾਤਰਾ' ਕਰਨਗੇ ਪਿਤਾ ਬਲਕੌਰ ਸਿੰਘ

**ਮਾਨਸਾ–** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਆਪਣੇ ਪੁੱਤਰ ਦੇ ਇਨਸਾਫ ਦੀ ਲੜਾਈ ਲਗਾਤਾਰ ਲੜ ਰਹੇ ਹਨ। ਇਸ ਵਿਚਕਾਰ ਉਨ੍ਹਾਂ ਵੱਡਾ ਐਲਾਨ ਕੀਤਾ ਹੈ। ਦੱਸ ਦੇਈਏ ਕਿ ਹਾਰਟ ਦੀ ਤਕਲੀਫ ਦਾ ਇਲਾਜ ਕਰਵਾਉਣ ਤੋਂ ਬਾਅਦ ਉਹ ਐਤਵਾਰ ਨੂੰ ਪਿੰਡ ਮੂਸੇ ਦੀ ਹਵੇਲੀ 'ਚ ਲੋਕਾਂ ਨੂੰ ਮਿਲੇ ਪਰ ਇਕ ਵਾਰ ਫਿਰ ਉਨ੍ਹਾਂ ਦਾ ਗੁੱਸਾ ਪੰਜਾਬ ਸਰਕਾਰ 'ਤੇ ਨਿਕਲਿਆ ਹੈ। ਉਨ੍ਹਾਂ ਨੇ ਸਿੱਧੂ ਮੂਸੇਵਾਲਾ ਦੀ ਗੋਲੀਆਂ ਲੱਗੀ ਥਾਰ ਦੀ ਤਸਵੀਰ ਲੱਗਾ ਕੇ ਸੜਕਾਂ 'ਤੇ ਘੁੰਮਣ ਬਾਰੇ ਦੱਸਿਆ ਹੈ। ਜਾਣਕਾਰੀ ਦਿੰਦੇ ਹੋਏ ਬਲਕੌਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਅਜੇ ਤੱਕ ਸਿੱਧੂ




ਮੂਸੇਵਾਲਾ ਦੀ ਕਾਰ ਦਾ ਸ਼ੀਸ਼ਾ ਨਹੀਂ ਲਗਵਾਇਆ ਹੈ। ਉਹ ਗੋਲੀਆਂ ਲੱਗੀ ਥਾਰ ਨਾਲ ਸਣੇ ਸਿੱਧੂ ਮੂਸੇਵਾਲਾ ਦੀ ਤਸਵੀਰ ਵਾਲੀ ਕਾਰ ਵਿੱਚ ਘੁੰਮੇਗਾ ਅਤੇ ਲੋਕਾਂ ਨੂੰ ਪੰਜਾਬ ਦੀ ਕਾਨੂੰਨ ਵਿਵਸਥਾ ਬਾਰੇ ਦੱਸੇਗਾ। ਜੇਕਰ ਪੰਜਾਬ ਦੀ ਕਾਨੂੰਨ ਵਿਵਸਥਾ ਇੰਨੀ ਵਧੀਆ ਹੈ ਤਾਂ ਤੁਸੀਂ ਆਪਣੀ ਪਤਨੀ ਨੂੰ 40-40 ਗੰਨਮੈਨ ਅਤੇ ਜੈਮਰ ਕਿਉਂ ਦਿੱਤੇ ਹਨ।

**ਮਾਨ ਸਾਹਿਬ ਦੇਖ ਰਹੇ ਤਮਾਸ਼ਾ...**

ਬਲਕੌਰ ਸਿੰਘ ਨੇ ਕਿਹਾ ਕਿ ਉਹ 4-5 ਵਾਰ ਸਰਕਾਰ ਨੂੰ ਇੱਕ ਪੱਤਰਕਾਰ ਤੋਂ ਪੁੱਛਗਿੱਛ ਕਰਨ ਲਈ ਬੇਨਤੀ ਕਰ ਚੁੱਕੇ ਹਨ ਪਰ ਅਜਿਹਾ ਨਹੀਂ ਕੀਤਾ ਜਾ ਰਿਹਾ ਹੈ। ਜੇ ਉਹ ਪੁੱਛ-ਪੜਤਾਲ ਨਾ ਕਰੇ ਤਾਂ ਉਸ ਦੇ ਮੂੰਹ 'ਤੇ ਹੀ ਇਨਕਾਰ ਕਰ ਦਿੱਤਾ ਜਾਵੇ। ਅਸੀਂ ਚੁੱਪ ਚਾਪ ਚਲੇ ਜਾਵਾਂਗੇ ਪਰ ਮਾਨ ਸਾਹਿਬ ਖੜੇ ਹੋ ਕੇ ਤਮਾਸ਼ਾ ਦੇਖ ਰਹੇ ਹਨ। ਇਹ ਸਮਝਿਆ ਜਾ ਸਕਦਾ ਹੈ ਕਿ ਬਾਹਰ ਬੈਠੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਵਿੱਚ ਦਿੱਕਤ ਆ ਰਹੀ ਹੈ, ਪਰ ਪੰਜਾਬ ਵਿੱਚ ਬੈਠੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।

**ਮੁਹੱਲਾ ਕਲੀਨਿਕ ਤੱਕ ਕੋਈ ਨਹੀਂ ਪਹੁੰਚਦਾ**

ਬਲਕੌਰ ਸਿੰਘ ਨੇ ਇਸ ਦੌਰਾਨ ਸੂਬੇ ਵਿੱਚ ਖੋਲ੍ਹੇ ਗਏ 500 ਮੁਹੱਲਾ ਕਲੀਨਿਕਾਂ ਦਾ ਵੀ ਜਾਇਜ਼ਾ ਲਿਆ। ਉਹ ਕਹਿੰਦਾ ਸੀ ਕਿ ਤੁਸੀਂ ਮੁਹੱਲਾ ਕਲੀਨਿਕ ਖੋਲ੍ਹਦੇ ਰਹਿੰਦੇ ਹੋ, ਪਰ ਮਰੀਜ਼ ਰਸਤੇ ਵਿੱਚ ਹੀ ਮਰ ਜਾਂਦੇ ਹਨ। ਜਦੋਂ ਮੇਰੇ ਪੁੱਤਰ ਦੀ ਮੌਤ ਹੋ ਗਈ, ਹਸਪਤਾਲ 3 ਮਿੰਟ ਦੀ ਦੂਰੀ 'ਤੇ ਸੀ ਪਰ ਨਹੀਂ ਪਹੁੰਚ ਸਕਿਆ। ਉਸ ਦੇ ਸਰੀਰ ਨੂੰ 35 ਗੋਲੀਆਂ ਲੱਗੀਆਂ ਸਨ। ਇਸ ਦੌਰਾਨ ਬਲਕੌਰ ਸਿੰਘ ਨੇ ਸਿੱਧੂ ਮੂਸੇਵਾਲਾ ਦੇ ਗੀਤ ਲਾਸਟ ਰਾਈਡ ਦੀ ਸ਼ੂਟਿੰਗ ਦਾ ਕਿੱਸਾ ਵੀ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸ਼ਾਇਦ ਸਿੱਧੂ ਮੂਸੇਵਾਲਾ ਨੂੰ ਉਨ੍ਹਾਂ ਦੀ ਮੌਤ ਬਾਰੇ ਪਤਾ ਸੀ। ਉਸ ਨੇ ਦ ਲਾਸਟ ਰਾਈਡ ਵਿੱਚ ਆਪਣੀ ਅੰਤਿਮ ਸੰਸਕਾਰ ਚਿਤਾ ਨੂੰ ਜਗਾਇਆ। ਇਹ ਦੇਖ ਕੇ ਸਿੱਧੂ ਦੇ ਗੰਨਮੈਨ ਵੀ ਭੜਕ ਗਏ। ਪਰ ਕੌਣ ਜਾਣਦਾ ਸੀ ਕਿ ਉਸਦੀ ਮੌਤ ਬਾਰੇ ਉਸਨੂੰ ਪਹਿਲਾਂ ਹੀ ਪਤਾ ਸੀ।

# ਸੋਸ਼ਲ ਮੀਡੀਆ 'ਤੇ ਉਲਝਣ ਦੀ ਥਾਂ ਸਿੱਖਿਆ ਮੰਤਰੀ ਕੰਪਿਊਟਰ ਫੈਕਲਟੀ ਨਾਲ ਕੀਤਾ ਵਾਅਦਾ ਪੂਰਾ ਕਰਨ: ਡੀ.ਟੀ.ਐੱਫ.

## ਕੰਪਿਊਟਰ ਅਧਿਆਪਕਾਂ ਨੂੰ ਵਿਭਾਗੀ ਮਰਜ਼ਿਗ ਅਤੇ ਤਨਖਾਹ ਕਮਿਸ਼ਨ ਦੇ ਲਾਭ ਦੇਣ ਦੇ ਮੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਧਰਨਿਆਂ ਅਤੇ ਸੋਸ਼ਲ ਮੀਡਿਆ ਨੂੰ ਵਰਤ ਕੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੇ ਸਿੱਖਿਆ ਮੰਤਰੀ (ਸਕੂਲਜ਼) ਸ਼੍ਰੀ ਹਰਜੋਤ ਬੈਂਸ ਨੂੰ ਕੰਪਿਊਟਰ ਅਧਿਆਪਕਾਂ ਵੱਲੋਂ ਫੇਸਬੁੱਕ ਪੋਸਟਾਂ 'ਤੇ ਆਪਣੀਆਂ ਜਾਇਜ਼ ਮੰਗਾਂ ਨੂੰ ਫੇਸਬੁੱਕ ਟਿੱਪਣੀਆਂ ਰਾਹੀਂ ਉਠਾਉਣਾ ਵੀ ਬਰਦਾਸ਼ਤ ਨਹੀਂ ਹੁੰਦਾ ਨਜ਼ਰ ਆ ਰਿਹਾ ਹੈ। ਤਾਜ਼ਾ ਮਾਮਲੇ ਵਿੱਚ ਇੱਕ ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਦੀ ਬਾਹਰਲੇ ਮੁਲਕ ਵਿੱਚ ਫਸੇ ਪੰਜਾਬੀਆਂ ਸਬੰਧੀ ਪਾਈ ਫੇਸਬੁੱਕ ਪੋਸਟ 'ਤੇ ਇੱਕ ਕੰਪਿਊਟਰ ਅਧਿਆਪਕ ਵੱਲੋਂ ਆਪਣੀ ਹੱਕੀ ਮੰਗ ਸਬੰਧੀ ਦਿੱਤੀ ਟਿੱਪਣੀ ਦੇ ਜਵਾਬ ਵਿੱਚ ਸਿੱਖਿਆ ਮੰਤਰੀ ਵੱਲੋਂ ਕੰਪਿਊਟਰ ਅਧਿਆਪਕਾਂ ਲਈ "ਸ਼ਰਮ ਕਰੋ" ਅਤੇ "ਬਕਵਾਸ ਨਾ ਕਰਨ" ਵਰਗੇ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਇਸ ਤੋਂ ਪਹਿਲਾਂ ਵੀ ਕੁਝ ਮਹੀਨੇ ਪਹਿਲਾਂ ਉਹਨਾਂ ਵੱਲੋਂ ਸੋਸ਼ਲ ਮੀਡੀਆ 'ਤੇ ਮੰਗਾਂ ਬਾਰੇ ਟਿੱਪਣੀਆਂ ਪਾਉਣ ਵਾਲੇ ਅਧਿਆਪਕਾਂ ਖਿਲਾਫ ਕਾਰਵਾਈ ਦੀ ਧਮਕੀ ਵੀ ਦਿੱਤੀ ਗਈ ਸੀ। ਦਰਅਸਲ ਸਿੱਖਿਆ ਮੰਤਰੀ, ਬੀਤੇ ਵਰ੍ਹੇ ਕੰਪਿਊਟਰ ਅਧਿਆਪਕਾਂ 'ਤੇ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੇ ਲਾਭ ਅਤੇ ਪੰਜਾਬ ਸਿਵਲ ਨਿਯਮ ਲਾਗੂ ਕਰਕੇ ਦੀਵਾਲੀ ਦਾ ਤੋਹਫਾ ਦੇਣ ਦੇ ਐਲਾਨ ਨੂੰ ਲਾਗੂ ਕਰਨ ਵਿੱਚ ਹਾਲੇ ਤੱਕ



ਨਾਕਾਮਯਾਬ ਰਹੇ ਹਨ। ਜਿਸ ਨੂੰ ਕੰਪਿਊਟਰ ਅਧਿਆਪਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਮੰਗ ਦੇ ਰੂਪ ਵਿੱਚ ਲਗਾਤਾਰ ਉਠਾਇਆ ਜਾ ਰਿਹਾ ਹੈ।

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਇਸ ਮਾਮਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਆਖਿਆ ਕੇ, ਪੰਜਾਬ ਵਿੱਚ ਨੌਜਵਾਨ ਨੌਕਰੀ ਲਈ ਯੋਗ ਹੋਣ ਦੇ ਬਾਵਜੂਦ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਹੀ ਰੁਜ਼ਗਾਰ ਤੋਂ ਵਾਂਝੇ ਹਨ ਅਤੇ ਕਈ ਕੱਚੇ ਤੇ ਅਸਥਾਈ ਰੁਜ਼ਗਾਰ ਤਹਿਤ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ । ਇਸੇ ਲਈ ਵੱਡੀ ਗਿਣਤੀ ਪੜ੍ਹੇ ਲਿਖੇ ਨੌਜਵਾਨ ਵਿਦੇਸ਼ਾਂ ਵੱਲ ਮੂੰਹ ਕਰਨ ਅਤੇ ਉਥੇ ਦੁਸ਼ਵਾਰੀਆਂ ਦਾ ਸ਼ਿਕਾਰ ਹੋਣ ਲਈ ਮਜਬੂਰ ਹੋ ਰਹੇ ਹਨ। ਇਸ ਲਈ ਸਿੱਖਿਆ ਮੰਤਰੀ ਨੂੰ ਪੰਜਾਬ ਵਿੱਚ ਰਹਿ ਕੇ ਤੰਗੀਆਂ-ਤੁਰਸ਼ੀਆਂ ਝੱਲ ਰਹੇ ਕੰਪਿਊਟਰ ਅਧਿਆਪਕਾਂ ਅਤੇ ਹੋਰ ਵਰਗਾਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ। ਡੀ.ਟੀ.ਐੱਫ. ਨੇ ਸਿੱਖਿਆ ਮੰਤਰੀ ਦੀ ਅਜਿਹੀ ਪ੍ਰਤੀਕਿਰਿਆ ਨੂੰ ਪੂਰੀ ਤਰ੍ਹਾਂ ਗੈਰ-ਵਾਜਿਬ ਕਰਾਰ ਦਿੰਦਿਆਂ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕੇ, ਪੂਰੀ ਮਿਹਨਤ ਨਾਲ ਸਿੱਖਿਆ ਵਿਭਾਗ ਵਿੱਚ ਸੇਵਾਵਾਂ ਦੇ ਰਹੇ ਕੰਪਿਊਟਰ ਅਧਿਆਪਕਾਂ ਨਾਲ ਸਿੱਖਿਆ ਮੰਤਰੀ ਵੱਲੋਂ ਕੀਤੇ ਵਾਅਦੇ ਨੂੰ ਸਿਰੇ ਲਗਾਇਆ ਜਾਵੇ ਅਤੇ ਇਹਨਾਂ ਨੂੰ ਪਿਕਟਸ ਸੁਸਾਇਟੀ ਦੀ ਥਾਂ ਸਕੂਲ ਸਿੱਖਿਆ ਵਿਭਾਗ ਵਿੱਚ ਲਿਆਉਣ ਦਾ ਰਾਹ ਪੱਧਰਾ ਕੀਤਾ ਜਾਵੇ।

# ਸਭਨਾਂ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਨੂੰ ਕੀਤਾ ਜਾਵੇਗਾ ਭਾਰਤ ਦੇ ਖੂਬਸੂਰਤ ਸ਼ਹਿਰਾਂ ਵਿਚ ਸ਼ੁਮਾਰ : ਬ੍ਰਹਮ ਸ਼ੰਕਰ ਜਿੰਪਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਭਨਾਂ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਨੂੰ ਭਾਰਤ ਦੇ ਖੂਬਸੂਰਤ ਅਤੇ ਸਾਫ-ਸੁਥਰੇ ਸ਼ਹਿਰਾਂ ਵਿਚ ਸ਼ੁਮਾਰ ਕੀਤਾ ਜਾਵੇਗਾ। ਅੱਜ ਨਗਰ ਨਿਗਮ ਦਫ਼ਤਰ ਵਿਖੇ ਸੋਨਾਲੀਕਾ ਇੰਟਰਨੈਸ਼ਨਲ ਟਰੈਕਟਰਜ਼ ਲਿਮਟਿਡ ਵਲੋਂ ਮੁਹੱਈਆ ਕਰਵਾਈਆਂ ਗਈਆਂ 2 ਟਰੈਕਟਰ-ਟਰਾਲੀਆਂ ਨਗਰ ਨਿਗਮ ਨੂੰ ਭੇਟ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਨੂੰ ਸਾਫ਼-ਸੁਥਰਾ ਅਤੇ ਖੂਬਸੂਰਤ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਵਿਚੋਂ ਰੋਜ਼ਾਨਾ 70 ਟਨ ਦੇ ਕਰੀਬ ਕੂੜਾ ਡੰਪ ਤੱਕ ਲਿਜਾਇਆ ਜਾਂਦਾ ਹੈ, ਜਿਸ ਨੂੰ ਲਿਜਾਣ ਵਿਚ ਮੁਸ਼ਕਿਲ ਪੇਸ਼ ਆ ਰਹੀ ਸੀ। ਉਨ੍ਹਾਂ ਕਿਹਾ ਕਿ ਇਸ ਲਈ ਮਸ਼ੀਨਰੀ ਦੀ ਲੋੜ ਸੀ, ਜਿਸ ਨੂੰ ਪੂਰਾ ਕਰਦਿਆਂ ਸੋਨਾਲੀਕਾ ਪਰਿਵਾਰ ਵਲੋਂ ਨਗਰ ਨਿਗਮ ਨੂੰ ਇਹ ਟਰੈਕਟਰ-ਟਰਾਲੀਆਂ ਮੁਹੱਈਆ ਕਰਵਾਈਆਂ ਗਈਆਂ ਹਨ। ਉਨ੍ਹਾਂ ਸੋਨਾਲੀਕਾ ਪਰਿਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪਰਿਵਾਰ ਹਮੇਸ਼ਾ ਸ਼ਹਿਰ ਦੀ ਬਿਹਤਰੀ ਅਤੇ ਇਸ ਦੀ ਸੁੰਦਰਤਾ ਵਿਚ ਵਾਧਾ ਕਰਨ ਲਈ ਅੱਗੇ ਹੋ ਕੇ ਯੋਗਦਾਨ ਪਾਉਂਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਇੰਡਸਟਰੀ ਵਲੋਂ ਖਿੱਤੇ ਦੇ ਨੌਜਵਾਨਾਂ ਨੂੰ ਵੱਡੀ ਪੱਧਰ 'ਤੇ ਰੋਜ਼ਗਾਰ ਮੁਹੱਈਆ ਕਰਵਾਏ ਜਾਣ ਦੀ ਦੇਣ ਨੂੰ ਕਦੇ ਵੀ



ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਲਈ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ ਨਗਰ ਨਿਗਮ ਕੋਮਲ ਮਿੱਤਲ ਦੀ ਅਗਵਾਈ ਹੇਠ 8 ਫਰਵਰੀ ਤੋਂ 15 ਦਿਨਾਂ ਲਈ ਭੰਗੀ ਚੋਅ ਦੀ ਸਫ਼ਾਈ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਸਮੂਹ ਸ਼ਹਿਰ ਵਾਸੀਆਂ, ਕੌਂਸਲਰਾਂ, ਸਵੈਸੇਵੀ ਸੰਸਥਾਵਾਂ ਅਤੇ ਸਫ਼ਾਈ ਕਰਮੀਆਂ ਨੂੰ ਇਸ ਮੁਹਿੰਮ ਵਿਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਇਸ ਮੌਕੇ ਸੋਨਾਲੀਕਾ ਦੇ ਵਾਈਸ ਚੇਅਰਮੈਨ ਅੰਮ੍ਰਿਤ ਸਾਗਰ ਮਿੱਤਲ ਨੇ ਕਿਹਾ ਕਿ ਵਧੀਆ ਸੋਚ ਨਾਲ ਸਭ ਕੁਝ ਸੰਭਵ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਲਈ ਇਹ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਇਸ ਸ਼ਹਿਰ ਨਾਲ ਸਬੰਧ ਰੱਖਦੇ ਹਨ, ਜਿਹੜੇ ਕਿ ਹਮੇਸ਼ਾ ਹੁਸ਼ਿਆਰਪੁਰ ਦੀ ਤਰੱਕੀ ਲਈ ਤੱਤਪਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਜ਼ਿਲ੍ਹੇ ਨੂੰ ਕੋਮਲ ਮਿੱਤਲ ਦੇ ਰੂਪ ਵਿਚ ਇਕ ਊਰਜਾਵਾਨ ਡਿਪਟੀ ਕਮਿਸ਼ਨਰ ਮਿਲੇ ਹਨ ਅਤੇ ਇਨ੍ਹਾਂ ਦੋਵਾਂ ਸ਼ਖਸੀਅਤਾਂ ਸਦਕਾ ਆਉਣ ਵਾਲੇ ਸਮੇਂ ਵਿਚ ਹੁਸ਼ਿਆਰਪੁਰ ਦੀ ਬਿਹਤਰੀ ਲਈ ਵੱਡੇ ਬਦਲਾਅ ਆਉਣਗੇ। ਉਨ੍ਹਾਂ ਕਿਹਾ ਕਿ ਉਹ ਹੁਸ਼ਿਆਰਪੁਰ ਲਈ ਹਮੇਸ਼ਾ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿਣਗੇ। ਨਗਰ ਨਿਗਮ ਦੇ ਕਮਿਸ਼ਨਰ ਕੋਮਲ ਮਿੱਤਲ ਨੇ ਨਿਗਮ ਨੂੰ ਮੁਹੱਈਆ ਕਰਵਾਈ ਇਸ ਮਸ਼ੀਨਰੀ ਲਈ ਸੋਨਾਲੀਕਾ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ ਤੋਂ ਇਲਾਵਾ ਸਮੂਹ ਕੌਂਸਲਰ, ਸਫ਼ਾਈ ਮਜ਼ਦੂਰ ਯੂਨੀਅਨ ਦੇ ਆਗੂ ਅਤੇ ਹੋਰ ਸ਼ਖ਼ਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦਾ 646 ਵਾਂ ਪ੍ਰਕਾਸ਼ ਦਿਹਾੜਾ ਪਿੰਡ ਬਿਨਪਾਲਕੇ ਵਿਖੇ ਸ਼ਰਧਾ ਸਹਿਤ ਮਨਾਇਆ













ਸ੍ਰੀ ਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਪਿੰਡ ਬਿਨਪਾਲਕੇ ਦੇ ਸਾਰੇ ਨਗਰ ਨਿਵਾਸੀਆਂ ਵੱਲੋਂ ਰਲ-ਮਿਲ ਕੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਰੋਜ਼ਾਨਾ ਅੰਮ੍ਰਿਤ ਵੇਲੇ ਵੱਡੀ ਗਿਣਤੀ ਵਿੱਚ ਸੰਗਤਾਂ ਵੱਲੋਂ ਇਕੱਤਰ ਹੋ ਕੇ 11 ਪ੍ਰਭਾਤ ਫੇਰੀਆਂ ਦਾ ਆਯੋਜਨ ਕੀਤਾ ਗਿਆ। ਭੋਗਪੁਰ ਦਾ ਬਲਾਕ ਪੱਧਰੀ ਮਹਾਨ ਤੇ ਵਿਸ਼ਾਲ ਨਗਰ ਕੀਰਤਨ ਜੋ ਪਿੰਡ ਮੋਗਾ ਤੋਂ ਆਰੰਭ ਹੋ ਵੱਖ-ਵੱਖ ਪਿੰਡਾਂ ਤੋਂ ਹੁੰਦਾ ਹੋਇਆ ਸ਼ਾਮ ਵੇਲੇ ਪਿੰਡ ਬਿਨਪਾਲਕੇ ਪਹੁੰਚਾ ਤਾਂ ਹਜ਼ਾਰਾ ਸੰਗਤਾਂ ਨੇ ਨਗਰ ਕੀਰਤਨ ਨੂੰ ਜੀ ਆਇਆਂ ਕਿਹਾ। ਸੰਗਤਾਂ ਦੀ ਫਲਾਂ, ਗੁਰੂ ਕੇ ਲੰਗਰਾਂ ਅਤੇ ਮਠਿਆਈਆਂ ਛਕਾ ਕੇ ਸੇਵਾ ਕੀਤੀ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵੱਡੇ ਦੀਵਾਨ ਸਜਾਏ ਗਏ ਜਿਸ ਵਿਚ ਭਾਈ ਮਨਦੀਪ ਸਿੰਘ ਜੀ ਨਾਨਕਸਰ ਵਾਲੇ, ਭਾਈ ਦਿਲਬਾਗ ਸਿੰਘ ਜੀ ਬਿਨਪਾਲਕੇ ਵਾਲੇ ਅਤੇ ਸ੍ਰੀ ਮਨਜੀਤ ਸਿੰਘ ਦੇ ਰਾਗੀ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਰਾਤ ਦੇ ਦੀਵਾਨਾਂ ਵਿੱਚ ਭਾਈ ਪਿਆਰਾ ਸਿੰਘ ਸਿਰਥਲੇ ਖੰਨੇ ਵਾਲਿਆਂ ਅਤੇ ਸ੍ਰੀ ਰਿਤੇਸ਼ ਸਰੋਆ ਨੇ ਗੁਰੂ ਰਵਿਦਾਸ ਬਾਣੀ ਦਾ ਕੀਰਤਨ ਸਰਵਣ ਕਰਾਇਆ। ਸਟੇਜ ਸਕੱਤਰ ਦੀ ਸੇਵਾ ਚਰਨਜੀਤ ਸਿੰਘ ਬਿ-ਨਪਾਲਕੇ ਨੇ ਨਿਭਾਈ। ਗੁਰੂ ਘਰ ਵਿਖੇ ਕਈ ਦਿਨ ਗੁਰੂ ਕੇ ਲੰਗਰ ਅਤੇ ਚਾਹ ਦੇ ਲੰਗਰ ਚਲਦੇ ਰਹੇ। ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਬਿਨਪਾਲਕੇ ਵਲੋਂ ਹਰੇਕ ਸਾਲ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਮਾਗਮ ਸ਼ਾਂਤਮਈ, ਸਾਦੇ ਅਤੇ ਅਧਿਆਤਮਿਕ ਤਰੀਕੇ ਨਾਲ ਮਨਾਏ ਜਾਂਦੇ ਹਨ। ਪ੍ਰਬੰਧਕ ਕਮੇਟੀ ਦੇ ਇਸ ਉੱਦਮ ਨੂੰ ਸਾਰੇ ਇਲਾਕੇ ਦੇ ਲੋਕ ਸਲਾਹੁੰਦੇ ਹਨ। ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਨੂੰ ਇਹ ਅਪੀਲ ਕੀਤੀ ਗਈ ਕਿ ਉਹ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਮਾਗਮਾਂ ਵਿਚ ਸੰਧਿਆਂ ਫੇਰੀਆਂ ਲਗਾਉਣੀਆਂ, ਕੇਕ ਕੱਟਣੇ, ਡੀ ਜੇ ਵਜਾਉਣੇ, ਭੰਗੜੇ ਪਾਉਣੇ, ਪਟਾਕੇ ਬਜਾਉਣੇ ਅਤੇ ਹੋਰ ਸ਼ੋਰ ਸ਼ਰਾਬੇ ਵਾਲੇ ਕੰਮਾ ਤੋ ਗੁਰੇਜ ਕਰਨ। ਕਿਉਂਕਿ ਸ੍ਰੀ ਗੁਰੂ ਰਵਿਦਾਸ ਸਮੁੱਚੀ ਦੁਨੀਆਂ ਦੇ ਮਾਰਗ ਦਰਸ਼ਕ ਹਨ। ਇਸ ਕਰਕੇ ਉਨ੍ਹਾਂ ਦੇ ਪ੍ਰਕਾਸ਼ ਦਿਹਾੜੇ ਦੇ ਸਮਾਗਮ ਹੋਰ ਸਮਾਗਮਾਂ ਤੋਂ ਨਿਆਰੇ, ਪ੍ਰਭਾਵਸ਼ਾਲੀ, ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਅਤੇ ਉੱਚੀਆਂ ਮੰਜ਼ਿਲਾਂ ਤੇ ਪਹੁੰਚਾਉਣ ਵਾਲੇ ਹੀ ਹੋਣੇ ਚਾਹੀਦੇ ਹਨ। ਸਾਰੇ ਸਮਾਗਮਾਂ ਵਿੱਚ ਨਗਰ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰ ਕੇ ਗੁਰੂ ਜੀ ਦਾ ਗੁਣਗਾਨ ਕੀਤਾ।

**– ਚਰਨਜੀਤ ਸਿੰਘ ਬਿਨਪਾਲਕੇ**



My father in law, father of Perminder S Jagjit Singh Mehta did his MA English gold medal winner from Khalsa college Amritsar. He was finance Secretary to the Govt of India and his signature are seen on Indian rupees. Our family is proud of his great achievement in life.

**- Sukhchain**

# ਸ੍ਰੀ ਮਤੀ ਗੁਰਮੀਤ ਕੌਰ ਜੀ ਨੂੰ ਦਿੱਤੀ ਗਈ ਅੰਤਮ ਵਿਦਾਇਗੀ



**ਭੋਗਪੁਰ ਜਲੰਧਰ-** ਪਿੰਡ ਭੇਲ ਜ਼ਿਲ੍ਹਾ ਜਲੰਧਰ ਦੇ ਨਿਵਾਸੀ ਸਤਿਕਾਰਯੋਗ ਮਾਤਾ ਗੁਰਮੀਤ ਕੌਰ ਪਤਨੀ ਗੁਰਪਰਵਾਸੀ ਸ. ਮੋਹਨ ਸਿੰਘ ਸੰਖੇਪ ਬਿਮਾਰੀ ਉਪਰੰਤ ਅਕਾਲ ਚਲਾਣਾ ਕਰ ਗਏ। ਉਹ 80 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਅੰਤਮ ਸਸਕਾਰ ਪਿੰਡ ਭੇਲ ਦੇ ਸ਼ਮਸ਼ਾਨਘਰ ਵਿਖੇ ਕੀਤਾ ਗਿਆ। ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਕਮਲਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਨੇ ਦਿੱਤੀ। ਮਾਤਾ ਜੀ ਬੜੇ ਨਿੱਘੇ ਸੁਭਾਅ ਦੇ ਸਨ ਅਤੇ ਸਾਰਿਆਂ ਨਾਲ ਪਿਆਰ ਸਤਿਕਾਰ ਨਾਲ ਮਿਲਦੇ ਸਨ। ਮਾਤਾ ਜੀ ਦੇ ਛੋਟੇ ਸਪੁੱਤਰ ਸ੍ਰੀ ਕੁਲਵਿੰਦਰ ਸਿੰਘ ਵੱਲੋਂ ਆਪਣੇ ਰਹਿਬਰਾਂ ਸਤਿਗੁਰੂ ਰਵਿਦਾਸ, ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਜੀ ਦੇ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਜਾਂਦਾ ਹੈ। ਆਪਣੇ ਰਹਿਬਰਾਂ ਦੇ ਇਸ ਮਿਸ਼ਨ ਨੂੰ ਚਲਾਉਣ ਵਿੱਚ ਮਾਤਾ ਗੁਰ-ਮੀਤ ਕੌਰ ਜੀ ਨੇ ਆਪਣੇ ਬੱਚਿਆਂ ਨੂੰ ਵੱਡਾ ਉਤਸ਼ਾਹ ਅਤੇ ਪ੍ਰੇਰਨਾ ਦਿੱਤੀ।

ਇਲਾਕੇ ਦੇ ਸਮੂਹ ਮਿਸ਼ਨਰੀ ਕਾਰਜ ਕਰਤਾਵਾਂ ਨੇ ਮਾਤਾ ਜੀ ਦੀ ਜਾਣ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੇ ਚਲੇ ਜਾਣ ਦਾ ਪਰਿਵਾਰ ਅਤੇ ਨਗਰ ਨਿਵਾਸੀਆਂ ਨੂੰ ਬੜਾ ਵੱਡਾ ਘਾਟਾ ਪਿਆ ਹੈ। ਮਿਤੀ 17-02-23 ਦਿਨ ਸ਼ੁੱਕਰਵਾਰ ਨੂੰ ਮਾਤਾ ਜੀ ਦੇ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਭੇਲ ਵਿਖੇ ਹੋਵੇਗੀ।

**– ਚਰਨਜੀਤ ਸਿੰਘ ਬਿਨਪਾਲਕੇ**


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ



# ਜਲੰਧਰ ਜ਼ਿਮਨੀ ਚੋਣ ਨੂੰ ਲੈ ਕੇ ਸਿਆਸਤਦਾਨਾਂ ਨੇ ਖਿੱਚੀਆਂ ਤਿਆਰੀਆਂ

**ਵਿਸ਼ੇਸ਼ ਰਿਪੋਰਟ : ਜੇ. ਸਿੰਘ 'ਭਡਿਆਰ'**

ਜਲੰਧਰ ਲੋਕ ਸਭਾ ਜ਼ਿਮਨੀ ਚੋਣ ਨੂੰ ਲੈ ਕੇ ਪੰਜਾਬ ਵਿੱਚ ਸਿਆਸਤ ਭੱਖ ਚੁੱਕੀ ਹੈ। ਭਾਵੇਂ ਅਜੇ ਤਕ ਚੋਣ ਕਮਿਸ਼ਨ ਵਲੋਂ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਸਿਆਸੀ ਪਾਰਟੀਆਂ ਵਲੋਂ ਆਪੋ-ਆਪਣੇ ਪੱਧਰ 'ਤੇ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਜਲੰਧਰ ਪਾਰਲੀਮਾਨੀ ਹਲਕੇ ਦੀ ਜਲੰਧਰ ਜ਼ਿਮਨੀ ਚੋਣ ਤੋਂ ਕਾਂਗਰਸੀ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੇ ਦਿਹਾਂਤ ਤੋਂ ਬਾਅਦ ਆਮ ਆਦਮੀ ਪਾਰਟੀ ਇੱਕ ਅਜ਼ਮਾਇਸ਼ ਵਾਂਗ ਹਨ। ਸੂਬੇ ਵਿੱਚ ਜੂਨ 2022 ਵਿੱਚ ਸੰਗਰੂਰ ਸੰਸਦੀ ਉਪ ਚੋਣ ਹਾਰਨ ਤੋਂ ਬਾਅਦ ਲੋਕ ਸਭਾ ਵਿੱਚ 'ਆਪ' ਦੀ ਮੌਜੂਦਗੀ ਜ਼ੀਰੋ ਹੋ ਗਈ ਹੈ। ਇਹ ਸੀਟ ਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਖਾਲੀ ਹੋਈ ਸੀ ਪਰ ਪੰਜਾਬ ਦੀ ਇਸ ਹਾਈ ਪ੍ਰੋਫਾਈਲ ਸੀਟ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਹਾਸਲ ਕੀਤੀ ਸੀ। ਉਹ ਵੀ ਅਜਿਹੇ ਸਮੇਂ ਜਦੋਂ 'ਆਪ' ਨੂੰ ਸੱਤਾ 'ਚ ਆਏ 100 ਦਿਨ ਹੀ ਹੋਏ ਸਨ। ਸੂਬੇ 'ਚ ਕਈ ਚੋਣ ਵਾਅਦੇ ਪੂਰੇ ਕਰਨ ਦਾ ਦਾਅਵਾ ਕਰਨ ਵਾਲੀ 'ਆਪ' ਕੋਲ ਹੁਣ ਲੋਕ ਸਭਾ ਚੋਣਾਂ 'ਚ ਆਪਣੀ ਮੌਜੂਦਗੀ ਦਰਜ ਕਰਵਾਉਣ ਲਈ ਇਹ ਸੀਟ ਜਿੱਤਣ ਦਾ ਇਕ ਹੋਰ ਮੌਕਾ ਹੈ।

ਦੱਸ ਦੇਈਏ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਕਾਂਗਰਸੀ ਆਗੂ ਸੰਤੋਖ ਸਿੰਘ ਚੌਧਰੀ ਦਾ ਲੰਘੀਂ 14 ਜਨਵਰੀ ਨੂੰ ਉਸ ਸਮੇਂ ਦੇਹਾਂਤ ਹੋ ਗਿਆ ਸੀ ਜਦੋਂ ਉਹ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿਚ ਸ਼ਿਰਕਤ ਕਰਨ ਪਹੁੰਚੇ ਹੋਏ ਸਨ। ਇਸ ਦੌਰਾਨ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਜਿਸ ਤੋਂ ਬਾਅਦ ਉਨ੍ਹਾਂ ਦੇ ਸੁਰੱਖਿਆ ਦਸਤੇ ਵਲੋਂ ਤੁਰੰਤ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

### ਪਿਛਲੀਆਂ ਚੋਣਾਂ ਵਿੱਚ ਕਾਂਗਰਸ ਦਾ ਸੀ ਬੋਲਬਾਲਾ

ਜਲੰਧਰ ਲੋਕ ਸਭਾ ਸੀਟੀ ਉੱਤੇ ਪਿਛਲੀਆਂ ਚੋਣਾਂ ਵਿੱਚ ਕਾਂਗਰਸ ਨੇ ਜਿੱਤ ਹਾਸਿਲ ਕੀਤੀ ਸੀ। ਦੱਸ ਦੇਈਏ ਕਿ ਸਾਬਕਾ ਵਿਦੇਸ਼ ਮੰਤਰੀ ਸਵਰਨ ਸਿੰਘ ਦੁਆਰਾ ਲਗਾਤਾਰ ਪੰਜ ਵਾਰ ਚੋਣ ਜਿੱਤੀ ਗਈ ਸੀ ਉਥੇ ਹੀ ਦੂਜੀਆ ਪਾਰਟੀ ਉਮੀਦਵਾਰਾਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਸੀ। ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਵੀ ਜਲੰਧਰ ਤੋਂ 2 ਵਾਰ ਜਿੱਤੀ ਸਨ ਪਹਿਲੀ ਵਾਰੀ 1989 ਅਤੇ ਦੂਜੀ ਵਾਰੀ 1996 ਜਿੱਤੇ ਸਨ। ਜਲੰਧਰ ਛਾਉਣੀ ਤੋਂ ਕਾਂਗਰਸੀ ਵਿਧਾਇਕ ਪਰਗਟ ਸਿੰਘ ਦੇ ਸਹੁਰੇ ਦਰਬਾਰਾ ਸਿੰਘ ਨੇ ਜਿੱਤ ਪ੍ਰਾਪਤ ਕੀਤੀ ਸੀ।



### ਜਲੰਧਰ ਵਿੱਚ ਅਕਾਲੀ-ਬਸਪਾ ਗਠਜੋੜ

ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੇ ਸੰਤੋਖ ਸਿੰਘ ਨੂੰ 3.86 ਲੱਖ ਵੋਟਾਂ ਪਈਆਂ ਸਨ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਚਰਨਜੀਤ ਸਿੰਘ ਅਠਵਾਲ ਨੂੰ 3.66 ਲੱਖ ਵੋਟਾਂ ਪਈਆਂ ਸਨ। ਉਸ ਚੋਣ ਵਿੱਚ ਬਸਪਾ ਨੇ ਆਜ਼ਾਦ ਤੌਰ 'ਤੇ ਚੋਣ ਲੜੀ ਸੀ ਅਤੇ ਕੁੱਲ 2.04 ਲੱਖ ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੀ ਸੀ ਜਦਕਿ ਨੂੰ 'ਆਪ' ਦੀ ਨੁਮਾਇੰਦਗੀ ਕਰ ਰਹੇ ਜਸਟਿਸ ਜੋਰਾ ਸਿੰਘ 25,470 ਵੋਟਾਂ ਲੈ ਕੇ ਚੌਥੇ ਸਥਾਨ 'ਤੇ ਰਹੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਸਾਬਕਾ ਮੰਤਰੀ ਬਲਵਿੰਦਰ ਸਿੰਘ ਭੂੰਦੜ ਨੇ ਪਿਛਲੇ ਦਿਨਾਂ ਤੋਂ ਪਏ ਭੰਬਲਭੂਸੇ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਸ਼੍ਰੋਮਣੀ ਅਕਾਲੀ ਦਲ-ਬਸਪਾ ਦਾ ਸਾਂਝਾ ਉਮੀਦਵਾਰ ਲੜੇਗਾ ਅਤੇ ਜਲਦ ਹੀ ਉਮੀਦਵਾਰ ਦਾ ਨਾਂ ਜਗ-ਜ਼ਾਹਿਰ ਹੋ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਅਕਾਲੀ ਦਲ-ਬਸਪਾ ਗੱਠਜੋੜ ਵੱਲੋਂ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਤੋਂ ਹੋਵੇਗਾ। ਉਨ੍ਹਾਂ ਕਿਹਾ ਕਿ ਜਲੰਧਰ ਲੋਕ ਸਭਾ ਹਲਕੇ ਦੀ ਚੋਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਸਪਾ ਦੀ ਸੁਪਰੀਮੋ ਮਾਇਆਵਤੀ ਨਾਲ ਵੀ ਗੱਲ ਕਰ ਚੁੱਕੇ ਹਨ ਅਤੇ ਪੰਜਾਬ ਵਿਚਲੀ ਬਸਪਾ ਨਾਲ ਉਹ ਰਾਬਤਾ ਬਣਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਿਸੇ ਤਰ੍ਹਾਂ ਦੀ ਵੀ ਖਿੱਚੋਤਾਣ ਨਹੀਂ। ਅਕਾਲੀ-ਬਸਪਾ ਇਸ ਸੀਟ 'ਤੇ ਸ਼ਾਨਦਾਰ ਜਿੱਤ ਦਰਜ ਕਰੇਗੀ ਤਾਂ ਜੋ ਅਗਲੀਆਂ ਚੋਣਾਂ ਲਈ ਪੰਜਾਬ 'ਚ ਰਾਹ ਪੱਧਰਾ ਹੋ ਸਕੇ। ਪਾਰਟੀ ਪ੍ਰਧਾਨ ਨੇ ਇਹ ਵੀ ਦੱਸਿਆ ਕਿ ਅਕਾਲੀ ਦਲ ਦੀ ਲੀਡਰਸ਼ਿਪ ਦੀਆਂ ਡਿਊਟੀਆਂ ਲਾ ਦਿੱਤੀਆਂ ਹਨ ਅਤੇ ਜਲਦ ਹੀ ਇਹ ਆਗੂ ਮੋਰਚਾ ਸੰਭਾਲ ਲੈਣਗੇ।

### ਭਾਜਪਾ ਨੇ ਕੀਤੀਆਂ ਨਿਯੁਕਤੀਆਂ

ਜਲੰਧਰ ਵਿਚ ਹੋਣ ਵਾਲੀ ਲੋਕ ਸਭਾ ਜ਼ਿਮਨੀ ਚੋਣ ਦੇ ਐਲਾਨ ਤੋਂ ਪਹਿਲਾਂ ਭਾਜਪਾ ਨੇ ਮੋਰਚਾ ਸੰਭਾਲ ਲਿਆ ਹੈ। ਭਾਜਪਾ ਨੇ ਜਲੰਧਰ ਹਲਕੇ ਦਾ ਇੰਚਾਰਜ ਨਿਯੁਕਤ ਕਰ ਦਿੱਤਾ ਹੈ। ਭਾਜਪਾ ਵਲੋਂ ਚੋਟੀ ਦੇ ਆਗੂ ਅਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੂੰ ਜਲੰਧਰ ਜ਼ਿਮਨੀ ਚੋਣਾਂ ਲਈ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੀਨੀਅਰ ਆਗੂ ਕੇਵਲ ਸਿੰਘ ਢਿੱਲੋਂ ਅਤੇ ਜੰਗੀ ਲਾਲ ਮਹਾਜਨ ਨੂੰ ਸਹਿ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜਲੰਧਰ ਸੀਟ ਜਿੱਤਣ ਲਈ ਭਾਜਪਾ ਵੀ ਵਿਸ਼ੇਸ਼ ਰਣਨੀਤੀ ਤਿਆਰ ਕਰੇਗੀ, ਭਾਜਪਾ ਕੋਲ ਇਸ ਵੇਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ, ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ, ਬਲਬੀਰ ਸਿੱਧੂ, ਸ਼ਿਆਮ ਸੁੰਦਰ ਜੋ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਹਨ। ਅਰੋੜਾ ਅਤੇ ਡਾ: ਰਾਜ ਕੁਮਾਰ ਵੇਰਕਾ ਵਰਗੇ ਤਜਰਬੇਕਾਰ ਆਗੂ ਹਨ।

## ਨਗਰ ਨਿਗਮ ਚੋਣਾਂ ਲਈ ਭਾਜਪਾ ਬਣਾਉਣ ਲੱਗੀ ਰਣਨੀਤੀ

**ਜਲੰਧਰ-** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਅਕਾਲੀ-ਭਾਜਪਾ ਗਠਜੋੜ ਟੁੱਟਣ ਤੋਂ ਬਾਅਦ ਹੁਣ ਭਾਜਪਾ ਨੂੰ ਆਉਂਦੀਆਂ ਨਗਰ ਨਿਗਮ ਚੋਣਾਂ ਸੈਂਟਰਲ ਵਿਧਾਨ ਸਭਾ ਹਲਕੇ ਦੇ 22 ਵਾਰਡਾਂ 'ਚ ਇਕੱਲਿਆਂ ਹੀ ਲੜਨੀਆਂ ਪੈਣਗੀਆਂ। ਜਿਸ ਸਬੰਧੀ ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਪਾਰਟੀ ਵਰਕਰਾਂ ਨਾਲ ਲਗਾਤਾਰ ਤਾਲਮੇਲ ਵਧਾਇਆ ਹੈ ਤੇ ਪਾਰਟੀ ਦੇ ਟਕਸਾਲੀ ਅਤੇ ਪੁਰਾਣੇ ਆਗੂਆਂ ਦੀਆਂ ਵੀ ਉਨ੍ਹਾਂ ਨੇ ਇਸ ਸਬੰਧੀ ਡਿਊਟੀਆਂ ਲਾ ਰੱਖੀਆਂ ਹਨ। ਉਹ ਫੀਲਡ 'ਚ ਰਹਿ ਕੇ ਆਪਣੇ ਖੇਤਰਾਂ 'ਚ ਚੋਣ ਲੜਨ ਦੇ ਇੱਛੁਕ ਉਮੀਦਵਾਰਾਂ ਦੀ ਕਾਰਗੁਜ਼ਾਰੀ 'ਤੇ ਨਜ਼ਰ ਰੱਖ ਰਹੇ ਹਨ। ਉਹ ਪਾਰਟੀ ਦੀ ਮਜ਼ਬੂਤੀ ਲਈ ਮਿਹਨਤੀ ਤੇ ਈਮਾਨਦਾਰ ਨੌਜਵਾਨ ਵਰਕਰਾਂ ਨੂੰ ਅੱਗੇ ਲਿਆ ਕੇ ਚੋਣ ਮੈਦਾਨ 'ਚ ਉਤਾਰਨ ਲਈ ਯਤਨਸ਼ੀਲ ਹਨ। ਉਂਝ ਜਲੰਧਰ ਕੇਂਦਰੀ ਵਿਧਾਨ ਸਭਾ ਹਲਕੇ ਦੇ ਕਈ ਖੇਤਰਾਂ 'ਚ ਭਾਜਪਾ ਦਾ ਵੋਟ ਬੈਂਕ ਬਹੁਤ ਘੱਟ ਹੋਣ ਕਾਰਨ ਠੋਸ ਉਮੀਦਵਾਰ ਲੱਭਣੇ ਔਖੇ ਹੋ ਰਹੇ ਹਨ। 2017 'ਚ ਅਕਾਲੀ-ਭਾਜਪਾ ਗਠਜੋੜ ਨੇ ਮਿਲ ਕੇ ਨਗਰ ਨਿਗਮ ਚੋਣਾਂ ਲੜੀਆਂ ਸਨ ਤੇ ਉਸ ਸਮੇਂ ਸੂਬੇ 'ਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸੀ। ਇਸ ਚੋਣ 'ਚ ਭਾਜਪਾ ਨੂੰ 22 'ਚੋਂ ਸਿਰਫ਼ 3 ਸੀਟਾਂ ਮਿਲੀਆਂ ਸਨ, ਜਦਕਿ ਸ਼੍ਰੋਮਣੀ ਅਕਾਲੀ ਦਲ 1 ਵੀ ਸੀਟ ਨਹੀਂ ਜਿੱਤ ਸਕਿਆ ਸੀ। ਵਿਧਾਇਕ ਰਜਿੰਦਰਾ ਬੇਰੀ ਦੀ ਅਗਵਾਈ 'ਚ ਕਾਂਗਰਸ ਪਾਰਟੀ ਆਪਣੇ 19 ਕੌਂਸਲਰ ਬਣਾਉਣ 'ਚ ਸਫਲ ਰਹੀ ਸੀ। ਭਾਜਪਾ ਦੇ ਕੇਵਲ ਪ੍ਰਿੰਸ, ਚੱਠਾ ਤੇ ਸ਼ੈਲੀ ਖੰਨਾ ਹੀ ਕੌਂਸਲਰ ਬਣ ਸਕੇ ਸਨ । ਆਮ ਆਦਮੀ ਪਾਰਟੀ ਤੋਂ ਵੀ ਕੋਈ ਕੌਂਸਲਰ ਨਹੀਂ ਬਣ ਸਕਿਆ ਸੀ।

ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਹੁਣ ਭਾਜਪਾ ਨਾਲ ਨਹੀਂ ਹੈ, ਜਿਸ ਕਾਰਨ ਭਾਜਪਾ ਨੂੰ ਇਕੱਲਿਆਂ ਚੋਣਾਂ ਲੜਨ ਲਈ ਕਾਫੀ ਮਿਹਨਤ ਕਰਨੀ ਪਵੇਗੀ। ਕਾਲੀਆ ਆਉਣ ਵਾਲੇ ਦਿਨਾਂ 'ਚ ਵੱਡਾ ਧਮਾਕਾ ਵੀ ਕਰ ਸਕਦੇ ਹਨ। ਉਹ ਆਮ ਆਦਮੀ ਪਾਰਟੀ ਤੋਂ ਨਾਰਾਜ਼ ਵਰਕਰਾਂ ਤੇ ਅਕਾਲੀ ਦਲ ਦੇ ਸਾਬਕਾ ਕੌਂਸਲਰਾਂ 'ਤੇ ਤਿੱਖੀ ਨਜ਼ਰ ਰੱਖ ਰਹੇ ਹਨ। ਉਹ ਉਨ੍ਹਾਂ ਨੂੰ ਭਾਜਪਾ 'ਚ ਸ਼ਾਮਲ ਕਰਵਾ ਸਕਦੇ ਹਨ। ਰਾਮਾ ਮੰਡੀ ਇਲਾਕੇ ਦੇ 2 ਵਾਰ ਕੌਂਸਲਰ ਰਹਿ ਚੁੱਕੇ ਅਕਾਲੀ ਦਲ ਦੇ ਬਲਬੀਰ ਸਿੰਘ ਬਿੱਟੂ ਵੀ ਭਾਜਪਾ 'ਚ ਸ਼ਾਮਲ ਹੋਣ ਦੀ ਚਰਚਾ 'ਚ ਹਨ, ਕਿਉਂਕਿ ਉਨ੍ਹਾਂ ਬਾਰੇ ਕਿਹਾ ਜਾ ਰਿਹਾ ਸੀ ਕਿ ਉਹ ਆਮ ਆਦਮੀ ਪਾਰਟੀ 'ਚ ਜਾ ਰਹੇ ਹਨ ਤੇ 'ਆਪ' ਵਿਧਾਇਕ ਰਮਨ ਅਰੋੜਾ ਨਾਲ ਉਨ੍ਹਾਂ ਦੀ ਨੇੜਤਾ ਹੈ ਪਰ ਉਹ ਅਜੇ ਤੱਕ 'ਆਪ' 'ਚ ਸ਼ਾਮਲ ਨਹੀਂ ਹੋਏ ਹਨ, ਜਦਕਿ ਵਿਧਾਇਕ ਰਮਨ ਅਰੋੜਾ ਵੀ ਵਿਰੋਧੀ ਪਾਰਟੀਆਂ ਨੂੰ 'ਆਪ' 'ਚ ਸ਼ਾਮਲ ਕਰਨ ਸਬੰਧੀ 2 ਵੱਡੇ ਪ੍ਰੋਗਰਾਮ ਕਰ ਚੁੱਕੇ ਹਨ।


Lot's of things happen after you die - they just don't involve you

ਜੈ ਭੀਮ ਜੈ ਭਾਰਤ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ



ਸ਼੍ਰੀ ਰਵਿੰਦਰ ਰਾਹੁਲ

ਜੋ ਕਿ ਆਪਣੀ ਸੰਸਾਰਿਕ ਯਾਤਰਾ ਭੋਗਦੇ ਹੋਏ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ । ਉਨ੍ਹਾਂ ਦੀ ਯਾਦ ਵਿੱਚ

ਸਰਧਾਂਜ਼ਲੀ ਸਮਾਰੋਹ

ਮਿਤੀ 19 ਫਰਵਰੀ 2023 ਦਿਨ ਐਤਵਾਰ ਨੂੰ

ਸਥਾਨ: ਡਾ. ਅੰਬੇਡਕਰ ਸਕੂਲ ਆਫ ਥੌਟ, ਡੱਲੇਵਾਲ ਰੋਡ, ਗੁਰਾਇਆਂ (ਜਲੰਧਰ)

Location QR

ਵਿਖੇ ਠੀਕ ਦੁਪਹਿਰ 12.00 ਵਜੇ ਤੋਂ ਦੁਪਹਿਰ 2:30 ਵਜੇ ਤੱਕ ਹੋਵੇਗਾ। ਸੋ ਆਪ ਜੀ ਨੇ ਸਰਧਾਂਜ਼ਲੀ ਸਮਾਰੋਹ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਦੁਖੀ ਹਿਰਦੇ: ਸਮੂਹ ਜੱਸੀ ਪਰਿਵਾਰ

ਸੰਪਰਕ ਨੰ: 88720-99910, 97793-65171

ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ'

ਸਮੂਹ ਜੱਸੀ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਦਿਲੀ ਦੁੱਖ ਪ੍ਰਗਟ ਕਰਦਾ ਹੈ।


## ਹਿਮਾਚਲ ਸਰਕਾਰ ਵੀ ਨਿਵੇਸ਼ਕਾਂ ਲਈ ਰੈੱਡ ਕਾਰਪੇਟ ਵਿਛਾਏਗੀ- ਹਰਸ਼ਵਰਧਨ ਚੌਹਾਨ

### ਉਦਯੋਗ ਮੰਤਰੀ ਨੇ ਕਿਹਾ, ਨਵੇਂ ਨਿਵੇਸ਼ਕਾਂ ਲਈ ਪੁਰਾਣੀਆਂ ਨੀਤੀਆਂ ਵਿੱਚ ਬਦਲਾਅ ਕੀਤੇ ਜਾਣਗੇ

**ਸ਼ਿਮਲਾ-** ਯੋਗੀ ਸਰਕਾਰ ਜਿੱਥੇ ਇਸ ਨੂੰ ਉੱਤਰ ਪ੍ਰਦੇਸ਼ ਬਣਾਉਣ ਲਈ ਉੱਤਰ ਪ੍ਰਦੇਸ਼ ਦੇ ਲਖਨਊ ਵਿੱਚ ਗਲੋਬਲ ਇਨਵੈਸਟਰਸ ਸਮਿਟ ਦਾ ਆਯੋਜਨ ਕਰ ਰਹੀ ਹੈ, ਉੱਥੇ ਹੀ ਸੂਬੇ ਦੀ ਸੁਖਵਿੰਦਰ ਸਿੰਘ ਸੁੱਖੂ ਸਰਕਾਰ ਵੀ ਉਦਯੋਗਪਤੀਆਂ ਅਤੇ ਨਵੇਂ ਨਿਵੇਸ਼ਕਾਂ ਲਈ ਰੈਡ ਕਾਰਪੇਟ ਵਿਛਾਉਣ ਦੀ ਤਿਆਰੀ ਕਰ ਰਹੀ ਹੈ। ਹਿਮਾਚਲ ਪ੍ਰਦੇਸ਼ ਵਿੱਚ ਉਦਯੋਗ ਪੱਖੀ ਮਾਹੌਲ ਸਿਰਜਣ ਲਈ ਹੁਣ ਨਿਵੇਸ਼ਕਾਂ ਲਈ ਸੁਖਵਿੰਦਰ ਸਿੰਘ ਸੁੱਖੂ ਸਰਕਾਰ ਦਾ ਨਰਮ ਕੋਨਾ ਉਦਯੋਗਪਤੀਆਂ ਨੂੰ ਆਕਰਸ਼ਿਤ ਕਰਨ ਵਿੱਚ ਸਹਾਈ ਸਿੱਧ ਹੋਵੇਗਾ। ਹਾਲਾਂਕਿ ਮੌਜੂਦਾ ਸਮੇਂ ਵਿੱਚ ਸਰਕਾਰ ਟਰੱਕ ਯੂਨੀਅਨਾਂ ਦੇ ਮੁੱਦੇ ਵਿੱਚ ਫਸੀ ਹੋਈ ਹੈ। ਇਸ ਦੇ ਬਾਵਜੂਦ ਦੋਵਾਂ ਮੁੱਦਿਆਂ ਨੂੰ ਗੰਭੀਰਤਾ ਨਾਲ ਹੱਲ ਕਰਨ ਲਈ ਖਰੜਾ ਵੀ ਤਿਆਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਉਦਯੋਗ ਮੰਤਰੀ ਹਰਸ਼ਵਰਧਨ ਚੌਹਾਨ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਨਵੇਂ ਨਿਵੇਸ਼ਕਾਂ ਅਤੇ ਉਦਯੋਗਪਤੀਆਂ ਨੂੰ ਬਿਹਤਰ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾਵੇਗਾ ਅਤੇ ਕਈ ਨੀਤੀਆਂ 'ਚ ਬਦਲਾਅ ਕੀਤਾ ਜਾਵੇਗਾ।

ਉਨ੍ਹਾਂ ਇਹ ਵੀ ਕਿਹਾ ਹੈ ਕਿ ਹੁਣ ਤੱਕ ਸਨਅਤਕਾਰਾਂ ਨੂੰ ਸਭ ਤੋਂ ਵੱਡੀ ਸਮੱਸਿਆ 118 ਦੀ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੇ 118 ਦਾ ਹੱਲ ਵੀ ਲੱਭ ਲਿਆ ਹੈ। ਇੰਨਾ ਹੀ ਨਹੀਂ ਹੁਣ ਜੇਕਰ ਕੋਈ ਨਵਾਂ ਉਦਯੋਗਪਤੀ ਸੂਬੇ ਵਿੱਚ ਉਦਯੋਗ ਲਗਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਨਿਵੇਸ਼ ਕਰਕੇ ਅਪਲਾਈ ਕਰਨਾ ਹੋਵੇਗਾ। ਬਾਕੀ ਰਸਮੀ ਕਾਰਵਾਈਆਂ ਅਤੇ NOC ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਜਦੋਂ ਕਿ ਉਦਯੋਗ ਮੰਤਰੀ ਨੇ ਅਹੁਦਾ ਸੰਭਾਲਦਿਆਂ ਹੀ ਕਾਨੂੰਨੀ ਅਥਾਰਟੀ ਬਣਾਉਣ ਦੀ ਗੱਲ ਕਹੀ ਸੀ ਪਰ ਖਰੜਾ ਲਗਭਗ ਤਿਆਰ ਹੈ। ਇਸ ਅਥਾਰਟੀ ਦਾ ਮੁੱਖ ਕੰਮ ਨਵੇਂ ਨਿਵੇਸ਼ਕਾਂ ਜਾਂ ਉਦਯੋਗਪਤੀਆਂ ਨੂੰ ਸਮਾਂਬੱਧ ਸ਼ਰਤ ਵਿੱਚ ਸਾਰੀਆਂ ਮਨਜ਼ੂਰੀਆਂ ਪ੍ਰਦਾਨ ਕਰਨਾ ਹੋਵੇਗਾ। ਉਦਯੋਗ ਮੰਤਰੀ ਨੇ ਇਹ ਵੀ ਕਿਹਾ ਕਿ ਉਹ ਉਦਯੋਗ-ਪਤੀਆਂ ਅਤੇ ਨਵੇਂ ਨਿਵੇਸ਼ਕਾਂ ਨੂੰ ਵੀ ਪ੍ਰੋਤਸਾਹਨ ਦੇਣਗੇ।

#### ਸਰਕਾਰ ਰਾਜ ਵਿੱਚ ਨਿਵੇਸ਼ ਬਿਊਰੋ ਦੀ ਸਥਾਪਨਾ ਕਰੇਗੀ

ਉਦਯੋਗ, ਸੰਸਦੀ ਮਾਮਲੇ ਅਤੇ ਆਯੁਸ਼ ਮੰਤਰੀ ਹਰਸ਼ਵਰਧਨ ਚੌਹਾਨ ਨੇ ਸਪੱਸ਼ਟ ਕੀਤਾ ਹੈ ਕਿ ਸੂਬੇ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨਾ ਸਰਕਾਰ ਦੀ ਤਰਜੀਹਾਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਿਵੇਸ਼ ਬਿਊਰੋ ਦੀ ਸਥਾਪਨਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੁਣ ਕੰਪਨੀ ਸਥਾਪਤ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਫਾਈਲ ਕਲੀਅਰ ਕੀਤੀ ਜਾਵੇਗੀ ਅਤੇ ਸਿੱਧੀ ਮੁੱਖ ਮੰਤਰੀ ਨੂੰ ਭੇਜੀ ਜਾਵੇਗੀ, ਜਿਸ ਨੂੰ ਸਮਾਂਬੱਧ ਢੰਗ ਨਾਲ ਕਲੀਅਰ ਕੀਤਾ ਜਾਵੇਗਾ। ਹਰਸ਼ਵਰਧਨ ਚੌਹਾਨ ਨੇ ਇਹ ਵੀ ਕਿਹਾ ਹੈ ਕਿ ਪੁਰਾਣੇ ਉਦਯੋਗਾਂ ਨੂੰ ਲਗਾਤਾਰ ਚਾਲੂ ਰੱਖਣ ਲਈ ਵਨ ਟਾਈਮ ਸੈਟਲਮੈਂਟ ਕੀਤਾ ਜਾਵੇਗਾ, ਜਿਸ ਨਾਲ ਉਦਯੋਗਾਂ ਨੂੰ ਉਤਸ਼ਾਹ ਮਿਲੇਗਾ। ਹਾਲਾਂਕਿ, ਨਵੇਂ ਉਦਯੋਗਾਂ ਨੂੰ ਵੀ ਸੱਦਾ ਦਿੱਤਾ ਜਾਵੇਗਾ।

#### ਕਾਰੋਬਾਰੀ ਮੀਟਿੰਗ

ਉਦਯੋਗ ਵਿਭਾਗ ਜਿੱਥੇ ਲੈਂਡ ਬੈਂਕ ਸਥਾਪਿਤ ਕਰੇਗਾ, ਉਸ ਥਾਂ 'ਤੇ ਬਿਹਤਰ ਬੁਨਿਆਦੀ ਢਾਂਚਾ ਉਪਲਬਧ ਕਰਵਾਇਆ ਜਾਵੇਗਾ। ਉਦਯੋਗ ਮੰਤਰੀ ਹਰਸ਼ਵਰਧਨ ਚੌਹਾਨ ਨੇ ਕਿਹਾ ਕਿ ਉਹ ਜਲਦ ਹੀ ਸੂਬੇ ਦੇ ਉ-ਦਯੋਗਪਤੀਆਂ ਨਾਲ ਇੱਕ ਵੱਡੀ ਮੀਟਿੰਗ ਕਰਨ ਜਾ ਰਹੇ ਹਨ, ਜਿਸ ਵਿੱਚ ਉਨ੍ਹਾਂ ਦੇ ਸੁਝਾਅ ਅਤੇ ਹੱਲ ਵੀ ਲਏ ਜਾਣਗੇ।

#### ਉਦਯੋਗਾਂ ਦੇ ਪਰਵਾਸ ਨੂੰ ਹਰ ਕੀਮਤ 'ਤੇ ਰੋਕਿਆ ਜਾਵੇਗਾ

ਜਿੱਥੇ ਕੇਂਦਰ ਸਰਕਾਰ ਉੱਤਰ ਪ੍ਰਦੇਸ਼ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੀ ਹੈ, ਉੱਥੇ ਹੀ ਸੂਬੇ ਦੀ ਸੁੱਖੂ ਸਰਕਾਰ ਉਦਯੋਗਪਤੀਆਂ ਅਤੇ ਨਵੇਂ ਨਿਵੇਸ਼ਕਾਂ ਲਈ ਲਾਲ ਗਲੀਚਾ ਵਿਛਾਉਣ ਦੀਆਂ ਤਿਆਰੀਆਂ ਕਰ ਰਹੀ ਹੈ। ਉਦਯੋਗ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਸਰਕਾਰ ਵੱਲੋਂ ਉਦਯੋਗਾਂ ਦੇ ਪ੍ਰਵਾਸ ਨੂੰ ਕਿਸੇ ਵੀ ਹਾਲਤ ਵਿੱਚ ਰੋਕਿਆ ਜਾਵੇਗਾ। ਉਦਯੋਗ ਮੰਤਰੀ ਨੇ ਕਿਹਾ ਹੈ ਕਿ ਉਦਯੋਗਾਂ ਲਈ ਬੁਨਿਆਦੀ ਢਾਂਚਾ ਅਤੇ ਕਨੈਕਟੀਵਿਟੀ ਜ਼ਰੂਰੀ ਹੈ, ਸਰਕਾਰ ਇਸ 'ਤੇ ਕੰਮ ਕਰੇਗੀ। ਉਦਯੋਗ ਮੰਤਰੀ ਨੇ ਕਿਹਾ ਕਿ ਨਿਵੇਸ਼ ਬਿਊਰੋ ਦੇ ਸੀ.ਈ.ਓ. ਦੇ ਅਧੀਨ ਵੱਖ-ਵੱਖ ਵਿਭਾਗਾਂ ਨੂੰ ਲਿਆਉਣ ਨਾਲ ਉਦਯੋਗ ਮਾਲਕ ਸੀ.ਈ.ਓ ਪੱਧਰ 'ਤੇ ਹੀ ਬਿਨਾਂ ਕਿਸੇ ਦੇਰੀ ਦੇ ਹਰ ਤਰ੍ਹਾਂ ਦੇ ਐਨ.ਓ.ਸੀ ਅਤੇ ਮਨਜ਼ੂਰੀਆਂ ਪ੍ਰਾਪਤ ਕਰ ਸਕਣਗੇ।

# ਸ੍ਰੀ ਗੁਰੂ ਰਵਿਦਾਸ ਮਿਸ਼ਨਰੀ ਸੁਸਾਇਟੀ ਰਣਜੀਤ ਨਗਰ, ਸਿਊਨਾ ਚੌਂਕ, ਪਟਿਆਲਾ ਅਤੇ ਇਲਾਕਾ ਨਿਵਾਸੀਆਂ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਇਆ







**ਪਟਿਆਲਾ, 12 ਫਰਵਰੀ–** ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਭਵਨ, ਰਣਜੀਤ ਨਗਰ, ਸਿਊਨਾ ਚੌਂਕ, ਪਟਿਆਲਾ ਵਿਖੇ ਹਰ ਸਾਲ ਦੀ ਤਰ੍ਹਾਂ ਬੜੀ ਸਰਧਾ ਭਾਵਨਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਮਿਤੀ 05-02-23 ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਬਦ ਕੀਰਤਨ ਕੀਤਰਤਨੀ ਜਥਾ ਬਾਬਾ ਮਨਮੋਹਨ ਸਿੰਘ ਸਿੰਘ ਜੀ ਬਾਰਨ ਵਾਲਿਆਂ ਵਲੋਂ ਕੀਤਾ ਗਿਆ। ਕੀਰਤਨ ਉਪਰੰਤ ਡਾ: ਅੰਬੇਡਕਰ ਲਾਇਬਰੇਰੀ ਪਟਿਆਲਾ ਦਾ ਉਦਘਾਟਨ ਡਾ: ਬਲਬੀਰ ਸਿੰਘ ਕੈਬਨਿਟ ਸਿਹਤ ਮੰਤਰੀ ਪੰਜਾਬ ਸਰਕਾਰ ਦੇ ਸਪੁੱਤਰ ਐਡਵੋਕੇਟ ਰਾਹੁਲ ਸੈਣੀ ਜੀ ਵਲੋਂ ਕੀਤਾ ਗਿਆ। ਇਸ ਲਾਇਬਰੇਰੀ ਦਾ ਪ੍ਰਬੰਧ ਡਾ: ਅੰਬੇਡਕਰ ਮਿਸ਼ਨ ਲਾਇਬਰੇਰੀ ਪੰਜਾਬ ਪਟਿਆਲਾ ਦੇ ਮੁੱਖ ਪ੍ਰਬੰਧਕ ਇੰਜ: ਰਾਮ ਸਰਨ ਬੰਗੜ ਰਿਟਾ: ਉਪ ਮੁੱਖ ਇੰਜੀਨੀਅਰ, ਪੀ.ਐਸ.ਪੀ.ਸੀ.ਐਲ. ਵਲੋਂ ਕੀਤਾ ਗਿਆ ਸੀ।

ਇਸ ਲਾਇਬਰੇਰੀ ਰਾਂਹੀ ਇਸ ਇਲਾਕੇ ਦੇ ਗਰੀਬ ਹੋਣਹਾਰ ਇੰਟੈਲੀਜੈਂਟ ਵਿਦਿਆਰਥੀ ਜੋ ਉੱਚ ਵਿੱਦਿਆ ਹਾਸਲ ਕਰਨਾ ਚਾਹੁੰਦੇ ਹਨ, ਜਿਨ੍ਹਾਂ ਨੂੰ ਸਲੇਬਸ ਦੀਆਂ ਮਹਿੰਗੀਆਂ ਕਿਤਾਬਾਂ ਖਰੀਦ ਕਰਨ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ, ਨੂੰ ਸੁਸਾਇਟੀ ਵਲੋਂ ਸਲੇਬਸ ਦੀਆਂ ਮਹਿੰਗੀਆਂ ਕਿਤਾਬਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ਼ਬਦ ਕੀਰਤਨ ਅਤੇ ਲਾਇਬਰੇਰੀ ਦੇ ਉਦਘਾਟਨ ਸਮੇਂ ਬਹੁਤ ਗਿਣਤੀ ਦੇ ਵਿੱਚ ਸਮੂਹ ਸੰਗਤ ਨੇ ਹਾਜ਼ਰੀ ਲਗਵਾਈ। ਡਾ: ਅੰਬੇਡਕਰ ਲਾਇਬਰੇਰੀ ਪਟਿਆਲਾ ਦੇ ਉਦਘਾਟਨ ਮੌਕੇ ਮੁੱਖ ਮਹਿਮਾਨ ਤੋਂ ਇਲਾਵਾ ਸ੍ਰ: ਅਮਰੀਕ ਸਿੰਘ ਬੰਗੜ, ਸੂਬਾ ਪ੍ਰਧਾਨ, ਐਸ. ਸੀ. ਵਿੰਗ,ਪੰਜਾਬ, ਇਸ ਤੋਂ ਪਹਿਲਾਂ ਜੱਸੀ ਸੋਹੀਆਂ ਵਾਲਾ, ਚੇਅਰਮੈਨ, ਜਿਲ੍ਹਾ ਯੋਜਨਾ ਬੋਰਡ, ਪਟਿਆਲਾ, ਪੰਜਾਬ, ਮੇਘ ਚੰਦ ਸ਼ੇਰਮਾਜਰਾ, ਚੇਅਰਮੈਨ, ਇੰਪਰੂਵਮੈਂਟ ਟਰਸਟ, ਪਟਿਆਲਾ ਨੇ ਵੀ ਹਾਜ਼ਰੀ ਲਗਵਾਈ ਅਤੇ ਇੰਜ: ਬਲਵੰਤ ਕੁਮਾਰ, ਇੰਜ-ਇਨ-ਚੀਫ, ਪੀ. ਐਸ. ਪੀ. ਸੀ. ਐਲ., ਵਿਸ਼ੇਸ਼ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਕਈ ਹੋਰ ਦਿੱਗਜ ਆਗੂਆਂ ਜਿਨ੍ਹਾਂ ਵਿੱਚ ਜੱਗਾ ਸਿੰਘ ਮੀਤ ਪ੍ਰਧਾਨ ਐਸ. ਵਿੰਗ, ਡਾ: ਪ੍ਰੀਤਮ ਸਿੰਘ ਕੌਰਜੀਵਾਲਾ, ਐਸ. ਕੇ. ਅਤੇ ਗੁਰਨਾਮ ਸਿੰਘ ਅਕੀਦਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਸਮੇਂ ਪਹੁੰਚੀ ਸਮੂਹ ਸੰਗਤ ਦਾ ਧੰਨਵਾਦ ਸ੍ਰੀ ਲਾਭ ਸਿੰਘ ਪ੍ਰਧਾਨ ਵਲੋਂ ਕੀਤਾ ਗਿਆ। ਸੁਸਾਇਟੀ ਦੇ ਅਹੁਦੇਦਾਰ/ਮੈਂਬਰਾਂ ਵਿਚ ਜਨਰਲ ਸਕੱਤਰ ਸ੍ਰੀ ਰਾਮਧਨ, ਰਾਜਿੰਦਰਪਾਲ ਸਿੰਘ ਖਹਿਰਾ, ਟਹਿਲ ਸਿੰਘ, ਨੰਦ ਲਾਲ, ਅੰਗਰੇਜ਼ ਸਿੰਘ, ਸਮਸ਼ੇਰ ਸਿੰਘ, ਗੁਰਮੁਖ ਸਿੰਘ, ਕੁਲਦੀਪ ਸਿੰਘ, ਨਰੇਸ਼ ਗਾਟ, ਹਰਬੰਸ ਸਿੰਘ ਗੁਰੂ, ਜਸਵੀਰ ਸਿੰਘ ਜੱਸੀ, ਕੰਵਲਜੀਤ ਸਿੰਘ ਇੰਜ ਮੇਜਰ ਸਿੰਘ ਇੰਜ: ਆਰ. ਐਸ. ਸਿਆਣ, ਇੰਜ: ਹਰਦੀਪ ਸਿੰਘ ਚੁੰਬਰ, ਨਾਰੰਗ ਸਿੰਘ, ਅਵਤਾਰ ਸਿੰਘ, ਜਗਰੂਪ ਸਿੰਘ, ਪਾਲ ਸਿੰਘ, ਰਤਨ ਲਾਲ, ਜੱਗਰ ਸਿੰਘ, ਸੁਰਿੰਦਰ ਸਿੰਘ, ਪ੍ਰੀਤਮ ਸਿੰਘ, ਗੁਰਨਾਮ ਸਿੰਘ, ਜਗਰੂਪ ਸਿੰਘ, ਹਰਬੰਸ ਸਿੰਘ ਕਾਰਪੋਰੇਸ਼ਨ, ਨਿਰਮਲ ਸਿੰਘ, ਨਾਹਰ ਸਿੰਘ, ਬਾਬੂ ਸਿੰਘ, ਹਰਮੇਸ਼ ਸਿੰਘ, ਬਲਜਿੰਦਰ ਸਿੰਘ, ਕਪਤਾਨ ਸਿੰਘ, ਅਵਤਾਰ ਸਿੰਘ ਪੰਚ, ਸਾਧੂ ਸਿੰਘ, ਮੇਵਾ ਸਿੰਘ, ਕਰਮ ਸਿੰਘ, ਗੁਰਬਚਨ ਸਿੰਘ, ਅਮਰ ਸਿੰਘ, ਨਛੱਤਰ ਸਿੰਘ, ਹਰਨੈਲ ਸਿੰਘ, ਜਸਪਾਲ ਸਿੰਘ, ਗੁਰਬਖਸਿੰਦ ਸਿੰਘ ਆਦਿ ਤੋਂ ਇਲਾਵਾ ਸੁਸਾਇਟੀ ਦੇ ਹੋਰ ਬਹੁਤ ਸਾਰੇ ਮੈਂਬਰ ਹਾਜ਼ਰ ਸਨ।

**ਵਲੋਂ:-ਸ੍ਰੀ ਗੁਰੂ ਰਵਿਦਾਸ ਮਿਸ਼ਨਰੀ ਸੁਸਾਇਟੀ ਰਣਜੀਤ ਨਗਰ, ਸਿਊਨਾ ਰੋਡ, ਪਟਿਆਲਾ**

# ਅਫਗਾਨੀ ਔਰਤ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ

**ਕਾਬੁਲ–** ਅਫਗਾਨਿਸਤਾਨ ਵਿੱਚ ਔਰਤਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀ ਮਹਿਬੂਬਾ ਸਿਰਾਜ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਉਸ ਨੂੰ ਜੇਲ ਵਿਚ ਬੰਦ ਈਰਾਨੀ ਮਨੁੱਖੀ ਅਧਿਕਾਰ ਕਾਰਕੁਨ ਅਤੇ ਵਕੀਲ ਨਰਗਿਸ ਮੁਹੰਮਦੀ ਨਾਲ ਸਾਂਝੇ ਤੌਰ 'ਤੇ ਨਾਮਜ਼ਦ ਕੀਤਾ ਗਿਆ ਹੈ।

**ਅਕਤੂਬਰ 'ਚ ਕੀਤਾ ਜਾਵੇਗਾ ਐਲਾਨ**

ਇਸਦੇ ਜੇਤੂ ਦਾ ਐਲਾਨ ਅਕਤੂਬਰ ਵਿੱਚ ਕੀਤਾ ਜਾਵੇਗਾ।



ਵਰਣਨਯੋਗ ਕਿ ਤਾਲਿਬਾਨ ਤੋਂ ਸੱਤਾ ਹਥਿਆਉਣ ਤੋਂ ਬਾਅਦ ਜਿੱਥੇ ਔਰਤਾਂ ਦੇ ਅਧਿਕਾਰਾਂ ਲਈ ਕੰਮ ਕਰ ਰਹੇ ਸੈਂਕੜੇ ਕਾਰਕੁਨਾਂ ਨੇ ਅਫਗਾਨਿਸਤਾਨ ਛੱਡ ਦਿੱਤਾ ਸੀ। ਜਦਕਿ ਸਿਰਾਜ ਅਡੋਲ ਖੜ੍ਹਾ ਸੀ। ਤਾਲਿਬਾਨ ਦੀਆਂ ਧਮਕੀਆਂ ਦੇ ਬਾਵਜੂਦ 75 ਸਾਲਾ ਸਿਰਾਜ ਔਰਤਾਂ ਅਤੇ ਲੜਕੀਆਂ ਦੇ ਅਧਿਕਾਰਾਂ ਦੀ ਵਕਾਲਤ ਕਰਦਾ ਰਿਹਾ।

**ਤਾਲਿਬਾਨ ਦੀਆਂ ਧਮਕੀਆਂ ਦੇ ਬਾਵਜੂਦ ਸਿਰਾਜ ਡਟਿਆ ਰਿਹਾ**

ਉਹ ਘਰੇਲੂ ਸ਼ੋਸ਼ਣ ਦਾ ਸ਼ਿਕਾਰ ਔਰਤਾਂ ਨੂੰ ਪਨਾਹ ਦੇਣ ਲਈ ਲਗਾਤਾਰ ਯਤਨ ਕਰ ਰਹੀ ਹੈ। ਉਸਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨ ਸਮੇਂ ਉਸਦੀ ਹਿੰਮਤ ਅਤੇ ਨਿਰੰਤਰ ਯਤਨਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਸੀ। ਇਸ ਬਾਰੇ ਮਹਿਬੂਬਾ ਸਿਰਾਜ ਦਾ ਕਹਿਣਾ ਹੈ ਕਿ ਇਹ ਐਵਾਰਡ ਮਿਲਣਾ ਮੇਰੇ ਅਤੇ ਅਫਗਾਨਿਸਤਾਨ ਲਈ ਮਾਣ ਵਾਲੀ ਗੱਲ ਹੋਵੇਗੀ।

# ਐਤਕੀ ਕਣਕ ਬਣਾਏਗੀ ਨਵਾਂ ਰਿਕਾਰਡ, ਤਿਲਾਂ ਵਾਲੀਆਂ ਫ਼ਸਲਾਂ ਦੀ ਕੁੱਲ ਪੈਦਾਵਾਰ ਨੇ ਤੋੜੇ ਸਾਰੇ ਰਿਕਾਰਡ

**ਨਵੀਂ ਦਿੱਲੀ–** ਮੌਨਸੂਨ ਦੀ ਭਰਪੂਰ ਬਾਰਿਸ਼ ਤੇ ਹਾੜੀ ਸੀਜ਼ਨ ਦੇ ਬਿਹਤਰ ਮੌਸਮ ਨਾਲ ਚਾਲੂ ਫ਼ਸਲੀ ਸਾਲ 2022-23 'ਚ ਅਨਾਜ ਦੀ ਬੰਪਰ ਪੈਦਾਵਾਰ ਦਾ ਅਨੁਮਾਨ ਹੈ। ਇਸ ਵਾਰ 32.36 ਕਰੋੜ ਟਨ ਕੁੱਲ ਅਨਾਜ ਦੀ ਪੈਦਾਵਾਰ ਹੋਵੇਗੀ ਜਿਹੜਾ ਪਿਛਲੇ ਸਾਲ ਦੇ 31.56 ਕਰੋੜ ਟਨ ਦੇ ਮੁਕਾਬਲੇ 80 ਲੱਖ ਟਨ ਜ਼ਿਆਦਾ ਹੋਵੇਗਾ। ਹਾੜੀ ਸੀਜ਼ਨ ਦੀ ਮੁੱਖ ਫ਼ਸਲ ਕਣਕ ਦੀ 11.22 ਕਰੋੜ ਟਨ ਦੀ ਰਿਕਾਰਡ ਪੈਦਾਵਾਰ ਦਾ ਅਨੁਮਾਨ ਹੈ। ਸੀਜ਼ਨ ਦੌਰਾਨ ਬਿਮਾਰੀਆਂ ਦਾ ਕਹਿਰ ਨਾ ਹੋਣ ਕਾਰਨ ਤਿਲਾਂ ਵਾਲੀਆਂ ਫ਼ਸਲਾਂ ਦੀ ਕੁੱਲ ਪੈਦਾਵਾਰ ਚਾਰ ਕਰੋੜ ਟਨ ਹੋਵੇਗੀ ਜਿਸ 'ਚ ਇਕੱਲੇ ਸਰ੍ਹੋਂ ਦੀ ਹਿੱਸੇਦਾਰੀ 1.28 ਕਰੋੜ ਟਨ ਹੋਵੇਗੀ।

ਖੇਤੀ ਮੰਤਰਾਲੇ ਨੇ ਮੰਗਲਵਾਰ ਨੂੰ ਦੂਜਾ ਅਗਾਊਂ ਅਨੁਮਾਨ ਜਾਰੀ ਕੀਤਾ ਹੈ। ਖੇਤੀ ਮੰਤਰੀ ਨਰਿੰਦਰ ਤੋਮਰ ਨੇ ਫ਼ਸਲਾਂ ਦੀ ਬੰਪਰ ਪੈਦਾਵਾਰ ਦਾ ਸਿਹਰਾ ਕਿਸਾਨਾਂ ਤੇ ਵਿਗਿਆਨੀਆਂ ਦੀ ਮਿਹਨਤ ਤੇ ਸਰਕਾਰੀ ਦੀਆਂ ਨੀਤੀਆਂ ਨੂੰ ਦਿੱਤਾ ਹੈ। ਚਾਲੂ ਫ਼ਸਲੀ ਸਾਲ ਦੌਰਾਨ ਮੌਨਸੂਨ ਸੀਜ਼ਨ ਦੀ ਭਰਪੂਰ ਬਾਰਿਸ਼ ਨਾਲ ਹਾੜੀ ਸੀਜ਼ਨ ਲਈ ਜਿੱਥੇ ਖੇਤਾਂ 'ਚ ਕਾਫ਼ੀ ਨਮੀ ਮਿਲੀ ਮਿਲੀ, ਉੱਥੇ ਸਾਉਣੀ ਵਾਲੀਆਂ ਫ਼ਸਲਾਂ ਦਾ ਪ੍ਰਦਰਸ਼ਨ ਤਸੱਲੀਬਖ਼ਸ਼ ਰਿਹਾ। ਪਿਛਲੇ ਹਾੜੀ ਸੀਜ਼ਨ 'ਚ ਕਣਕ ਦੀ ਫ਼ਸਲ ਦੇ ਪੱਕਣ ਵੇਲੇ ਅਚਾਨਕ ਤਾਪਮਾਨ ਦੇ ਵਧਣ ਕਾਰਨ ਪੈਦਾਵਾਰ 'ਤੇ ਉਲਟਾ ਅਸਰ ਪਿਆ ਜਿਸ ਨਾਲ ਕੁੱਲ ਪੈਦਾਵਾਰ 'ਚ 6 ਫ਼ੀਸਦੀ ਤੱਕ ਦੀ ਕਮੀ ਆਈ ਸੀ। ਪਰ ਇਸ ਵਾਰ ਫਰਵਰੀ ਦੇ ਪਹਿਲੇ ਪੰਦਰਵਾੜੇ 'ਚ ਤਾਪਮਾਨ ਕਣਕ ਦੀ ਫ਼ਸਲ ਦੇ ਅਨੁਕੂਲ ਬਣਿਆ ਹੋਇਆ ਹੈ ਜਿਸ ਦੇ ਅਜਿਹੇ ਹੀ ਬਣੇ ਰਹਿਣ ਦੀ ਸੰਭਾਵਨਾ ਹੈ।



ਜਾਰੀ ਅਗਾਊਂ ਅਨੁਮਾਨ ਮੁਤਾਬਕ, ਕੁੱਲ ਕਣਕ ਦੀ ਪੈਦਾਵਾਰ ਹੁਣ ਤੱਕ ਦੀ ਸਭ ਤੋਂ ਵੱਧ 11.22 ਕਰੋੜ ਟਨ ਹੋਵੇਗੀ ਜਦਕਿ ਬੀਤੇ ਸਾਉਣੀ ਤੇ ਚਾਲੂ ਹਾੜੀ ਸੀਜ਼ਨ ਦੌਰਾਨ ਝੋਨੇ ਦੀ ਕੁੱਲ ਪੈਦਾਵਾਰ ਇਸ ਵਾਰ 13.08 ਕਰੋੜ ਟਨ ਹੋ ਜਾਵੇਗੀ। ਕੌਮਾਂਤਰੀ ਮੋਟਾ ਅਨਾਜ ਸਾਲ 2023 ਦੇ ਮੱਦੇਨਜ਼ਰ ਇਸ ਵਰਗ ਦੀਆਂ ਸਾਰੀਆਂ ਫ਼ਸਲਾਂ ਦੀ ਖੇਤੀ ਦਾ ਰਕਬਾ ਵਧਿਆ ਹੈ ਜਿਸ ਨਾਲ ਕੁੱਲ ਪੈਦਾਵਾਰ 5.27 ਕਰੋੜ ਟਨ ਹੋ ਸਕਦੀ ਹੈ ਜਦਕਿ ਪਿਛਲੇ ਸਾਲ ਇਸ ਦੀ ਪੈਦਾਵਾਰ 5.11 ਕਰੋੜ ਟਨ ਸੀ। ਐਥਨੋਲ ਤੇ ਹੋਰ ਮੱਦਾਂ 'ਚ ਵਧੀ ਮੰਗ ਦੇ ਮੱਦੇਨਜ਼ਰ ਮੱਕੀ ਦੀ ਪਿਛਲੇ ਸਾਲ ਦੇ 3.37 ਕਰੋੜ ਟਨ ਪੈਦਾਵਾਰ ਦੇ ਮੁਕਾਬਲੇ 3.46 ਕਰੋੜ ਟਨ ਹੋਣ ਦਾ ਅਨੁਮਾਨ ਹੈ।

ਦਾਲਾਂ ਵਾਲੀਆਂ ਫ਼ਸਲਾਂ ਦੀ ਖੇਤੀ ਵੀ ਇਸ ਵਾਰ ਵਧੀਆ ਰਹੀ ਹੈ ਜਿਸ ਨਾਲ ਦਾਲਾਂ ਵਾਲੀਆਂ ਫ਼ਸਲਾਂ ਦੀ ਕੁੱਲ ਪੈਦਾਵਾਰ 2.73 ਕਰੋੜ ਟਨ ਦੇ ਮੁਕਾਬਲੇ 2.78 ਕਰੋੜ ਟਨ ਹੋਵੇਗੀ। ਇਸ 'ਚ ਮੁੱਖ ਦਾਲਾਂ ਵਾਲੀ ਫ਼ਸਲ ਛੋਲਿਆਂ ਦਾ ਕੁੱਲ ਪੈਦਾਵਾਰ 1.36 ਕਰੋੜ ਟਨ ਹੋਵੇਗੀ ਜਿਹੜੀ ਪਿਛਲੇ ਸਾਲ ਦੇ 1.35 ਕਰੋੜ ਟਨ ਤੋਂ ਜ਼ਿਆਦਾ ਹੈ। ਘਰੇਲੂ ਬਾਜ਼ਾਰ 'ਚ ਖੁਰਾਕੀ ਤੇਲਾਂ ਦੀ ਮਹਿੰਗਾਈ ਦੇ ਮੱਦੇਨਜ਼ਰ ਕਿਸਾਨਾਂ ਦਾ ਰੁਝਾਨ ਤਿਲਾਂ ਵਾਲੀਆਂ ਫ਼ਸਲਾਂ ਦੀ ਖੇਤੀ ਵੱਲ ਵਧਿਆ ਹੈ। ਤਿਲਾਂ ਵਾਲੀਆਂ ਫ਼ਸਲਾਂ ਦੀ ਕੁੱਲ ਪੈਦਾਵਾਰ ਚਾਰ ਕਰੋੜ ਟਨ ਹੋਣ ਦਾ ਅਨੁਮਾਨ ਹੈ ਜਿਹੜੀ ਹੁਣ ਤੱਕ ਦੀ ਸਭ ਤੋਂ ਵੱਧ ਪੈਦਾਵਾਰ ਹੋਵੇਗੀ। ਇਸ 'ਚ ਸਰ੍ਹੋਂ ਦੀ ਹਿੱਸੇਦਾਰੀ ਸਭ ਤੋਂ ਵੱਧ 1.28 ਕਰੋੜ ਟਨ ਹੋਵੇਗੀ। ਮੂੰਗਫਲੀ ਦੀ ਪੈਦਾਵਾਰ ਇਕ ਕਰੋੜ ਟਨ ਹੋਵੇਗੀ। ਕਪਾਹ ਦੀ ਪੈਦਾਵਾਰ 3.37 ਕਰੋੜ ਗੱਠਾਂ (ਪ੍ਰਤੀ ਗੱਠ 170 ਕਿਲੋਗ੍ਰਾਮ) ਹੋਣ ਦਾ ਅਨੁਮਾਨ ਹੈ। ਇਸੇ ਤਰ੍ਹਾਂ ਗੰਨੇ ਦੀ ਪੈਦਾਵਾਰ 46.88 ਕਰੋੜ ਟਨ ਹੋਵੇਗੀ ਜਦਕਿ ਪਟਸਨ ਤੇ ਮੇਸਤਾ ਦੀ ਪੈਦਾਵਾਰ ਇਕ ਕਰੋੜ ਗੱਠਾਂ (ਪ੍ਰਤੀ ਗੱਠ 180 ਕਿਲੋਗ੍ਰਾਮ) ਹੋਵੇਗੀ।

# ਪੰਜਾਬੀ 5500 ਸਾਲ ਪੁਰਾਣੀ ਭਾਸ਼ਾ, ਡਾ. ਜਸਪਾਲ ਮਿਆਲ ਦੀ ਕਿਤਾਬ ਨੇ ਵਿਦਵਾਨਾਂ ਨੂੰ ਪਾਇਆ ਸੋਚੀਂ

**ਐਸਏਐਸ ਨਗਰ, (ਮੋਹਾਲੀ)–** ਗੁਰੂਆਂ ਪੀਰਾਂ ਤੇ ਵੈਦਿਕ ਜ਼ੁਬਾਨ 'ਪੰਜਾਬੀ' ਹਜ਼ਾਰ-ਬਾਰਾਂ ਸੌ ਜਾਂ 1400 ਸਾਲ ਨਹੀਂ ਬਲਕਿ 5500 ਸਾਲ ਪੁਰਾਣੀ ਭਾਸ਼ਾ ਹੈ। ਅਕਾਦਮਿਕ ਵਿਦਵਾਨਾਂ ਤੇ ਭਾਸ਼ਾ ਮਾਹਿਰਾਂ ਦੇ ਬੇਸ਼ੱਕ ਇਸ ਬਾਰੇ ਆਪੋ-ਆਪਣੇ ਮੱਤ ਹਨ ਪਰ ਉਪਰੋਕਤ ਕਥਨ ਦੀ ਸੱਚਾਈ ਬਾਰੇ ਲਿਖਤੀ ਹਵਾਲਾ ਮੌਜੂਦ ਹੈ। ਡਾ. ਜਸਪਾਲ ਸਿੰਘ ਮਿਆਲ (ਅਮਰੀਕਨ ਮਾਹਰ) ਨੇ ਆਪਣੀ ਅੰਗਰੇਜ਼ੀ ਭਾਸ਼ਾ 'ਚ ਲਿਖੀ ਪੁਸਤਕ 'ਪੰਜਾਬੀ ਇਜ਼ 5500 ਈਅਰਜ਼ ਓਲਡ ਲੈਂਗੂਏਜ਼' 'ਚ ਬਹੁ-ਨੁਕਾਤੀ ਦਲੀਲਾਂ ਤੇ ਹਵਾਲਿਆ ਨਾਲ ਇਸ ਗੱਲ ਨੂੰ ਸਪੱਸ਼ਟ ਕੀਤਾ ਹੈ ਕਿ ਜਿਸ ਪੰਜਾਬੀ ਦੇ ਨਿਕਾਸ ਤੇ ਜਨਮ ਬਾਰੇ ਪਤਾ ਚੱਲਦਾ ਹੈ। ਭਾਵੇਂ ਡਾ. ਮਿਆਲ ਦੇ ਤੱਥ ਤੋਂ ਬਹੁਤੇ ਵਿਦਵਾਨ ਸਹਿਮਤ ਨਹੀਂ ਪਰ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਤੱਥਾਂ ਨੂੰ ਝੁਠਲਾਇਆ ਵੀ ਨਹੀਂ ਜਾ ਸਕਦਾ। ਡਾ. ਮਿਆਲ ਦੇ ਖੋਜ ਭਰਪੂਰ ਤਜਰਬਿਆਂ 'ਚੋਂ ਨਿਕਲੀ ਲਿਖਤ ਨੇ ਪੰਜਾਬ ਹੀ ਨਹੀਂ ਬਲਕਿ ਦੁਨੀਆ ਭਰ ਦੇ ਭਾਸ਼ਾ ਖੋਜੀਆਂ ਨੂੰ ਇਨ੍ਹਾਂ ਹਵਾਲਿਆਂ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਡਾ. ਮਿਆਲ ਨੇ ਆਪਣੀ ਪੁਸਤਕ ਵਿਚ ਪੰਜਾਬ ਦੇ ਤਤਕਾਲੀ ਜ਼ਿਲ੍ਹੇ ਮਿੰਟਗੁਮਰੀ ਦੇ ਛੋਟੇ ਜਹੇ ਇਲਾਕੇ ਹੜੱਪਾ ਤੋਂ ਮਿਲੀ ਸਕ੍ਰਿਪਟ ਨੂੰ ਆਧਾਰ ਬਣਾਇਆ ਹੈ। ਉਨ੍ਹਾਂ ਦਲੀਲ ਦਿੱਤੀ ਹੈ ਕਿ ਇਹ ਸਕ੍ਰਿਪਟ ਹਾਲੇ ਤਕ ਵੀ ਡੀਕੋਡ ਨਹੀਂ ਹੋ ਸਕੀ। ਉਨ੍ਹਾਂ ਦਾ ਮੰਨਣਾ ਹੈ ਕਿ ਇਥੋਂ ਮਿਲੀ ਸਕ੍ਰਿਪਟ ਬਾਰੇ ਕੋਈ ਉੱਘ-ਸੁੱਘ ਮਿਲ ਜਾਂਦੀ ਤਾਂ ਸਾਨੂੰ ਇਹ ਪਤਾ ਲੱਗ ਜਾਂਦਾ ਕਿ ਉਹ ਲੋਕ ਪੰਜਾਬੀ ਜਾਂ ਇਸ ਦੇ ਨੇੜੇ-ਤੇੜੇ ਦੀ ਹੀ ਕੋਈ ਜ਼ੁਬਾਨ ਬੋਲਦੇ ਸਨ। ਡਾ. ਮਿਆਲ ਦਾ ਇਹ ਵੀ ਮੰਨਣਾ ਹੈ ਕਿ ਇਹ ਇਲਾਕਾ ਪੰਜਾਬ ਦੇ 'ਮਾਝੇ' ਵਿਚ ਇਕ ਵੱਡੀ ਡਵੀਜ਼ਨ ਦੇ ਰੂਪ 'ਚ ਮੌਜੂਦ ਸੀ। ਇਸ ਲਈ ਇਸ ਲਈ ਸਾਨੂੰ ਇਹ ਮੰਨਣਾ ਪਵੇਗਾ ਕਿ ਉਹ ਲੋਕ ਪੰਜਾਬੀ ਜਾਂ ਪੰਜਾਬੀ ਵਰਗੀ ਹੀ ਕੋਈ ਜ਼ੁਬਾਨ ਬੋਲਦੇ ਸਨ/ਹੋਣਗੇ।



ਪੰਜਾਬੀ ਵੈਦਿਕ ਤੇ ਆਰੀਅਨ ਲੋਕਾਂ ਦੀਆਂ ਜ਼ੁਬਾਨਾਂ ਵਿਚੋਂ ਇਕ ਭਾਸ਼ਾ ਹੈ। ਇਸ ਦਾ ਜਨਮ ਪ੍ਰਾਕ੍ਰਿਤਿਕ ਭਾਸ਼ਾਵਾਂ 'ਚੋਂ ਹੁੰਦਾ ਹੋਇਆ ਅਪਭ੍ਰੰਸ਼ (ਭਿੱਟੀਆਂ ਹੋਈਆਂ ਭਾਸ਼ਾਵਾਂ) ਭਾਸ਼ਾਵਾਂ ਤੇ ਪੁਰਾਤਨ ਸ਼ਿਲਾਲੇਖਾਂ 'ਚੋਂ ਮਿਲੀ ਸਭ ਤੋਂ ਪੁਰਾਣੀ 'ਬ੍ਰਹਮੀ ਲਿਪੀ' ਵਿਚੋਂ ਹੋਣ ਦੇ ਮੱਤ ਹਨ। ਹਾਲਾਂਕਿ ਇਸ ਨਿਕਾਸ ਤੇ ਆਰੰਭ ਬਾਰੇ ਕਈ ਤਰ੍ਹਾਂ ਮੱਤਭੇਦ ਅੱਜ ਵੀ ਬਰਕਾਰ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਭਾਸ਼ਾ ਬਾਰੇ ਬਹੁਤੀਆਂ ਅਕਾਦਮਿਕ ਖੋਜਾਂ ਨਹੀਂ ਹੋਈਆਂ ਜਿਸ ਕਰ ਕੇ ਬਹੁਤੇ ਵਿਦਵਾਨ ਇਸ ਦੇ ਪੁਰਾਤਨਤਾ ਬਾਰੇ ਹਜ਼ਾਰ-ਬਾਰਾਂ ਸੌ ਸਾਲਾਂ ਤੋਂ ਪਿੱਛੇ ਜਾਣ ਤੋਂ ਗੁਰੇਜ਼ ਮੰਨਦੇ ਹਨ। ਬਹੁਤੇ ਵਿਦਵਾਨਾਂ ਦਾ ਮੱਤ ਹੈ ਕਿ 9ਵੀਂ ਸਦੀ ਵਿਚ ਸਭ ਤੋਂ ਪਹਿਲਾਂ ਨਾਥ-ਜੋਗੀਆਂ ਦੇ ਸਾਹਿਤ 'ਚ ਇਸ ਭਾਸ਼ਾ ਦੇ ਅੰਸ਼ ਮਿਲਦੇ ਹਨ ਪਰ ਇਹ ਪੂਰਨ ਰੂਪ 'ਚ ਪੰਜਾਬੀ ਨਹੀਂ ਸੀ। ਇਸ ਲਈ ਉਦੋਂ ਤੋਂ ਇਸ ਸਾਹਿਤ ਦੇ ਆਰੰਭ ਤੋਂ ਜੇ ਪੰਜਾਬੀ ਦੇ ਜਨਮ ਦਾ ਸਮਾ ਤੈਅ ਕਰਨਾ ਹੋਵੇ ਤਾਂ ਇਹ ਆਰੰਭਕ ਸਮਾਂ-ਸੀਮਾ 1300 ਤੋਂ 1400 ਸਾਲ ਦੇ ਆਸ-ਪਾਸ ਹੀ ਬਣਦੀ ਹੈ।

ਸਭ ਤੋਂ ਪਹਿਲਾਂ ਪ੍ਰਿੰਸਪੀਲ ਤੇਜਾ ਸਿੰਘ ਨੇ ਕਿਹਾ ਸੀ ਕਿ ਰਿਗਵੇਦ ਦੀ ਰਚਨਾ ਪੰਜਾਬ ਦੀ ਧਰਤੀ 'ਤੇ ਹੋਈ ਹੈ ਤੇ ਇਸ ਦੀ ਭਾਸ਼ਾ ਸਾਡੀ ਪੁਰਾਣੀ ਪੰਜਾਬੀ ਹੈ। ਮੇਰਾ ਮੱਤ ਹੈ ਕਿ ਭਾਸ਼ਾ ਇਕ ਵਿਕਾਸ-ਕਰਮ ਵਿਚ ਅੱਗੇ ਵੱਧਦੀ ਹੈ। ਇਸ ਕਰ ਕੇ ਪੰਜਾਬੀ ਭਾਸ਼ਾ ਦੀ ਹੁਣ ਤਕ ਹੋਈ ਭਾਸ਼ਾ ਵਿਗਿਆਨ ਦੇ ਪੱਧਰ 'ਤੇ ਹੋਈ ਖੋਜ, ਇਹ ਆਪਣੇ ਮੂਲ ਸਰੋਤਾਂ ਤੋਂ ਵੱਖ-ਵੱਖ ਸਮਿਆਂ ਅਤੇ ਸਥਿਤੀਆਂ ਵਿਚੋਂ ਗੁਜ਼ਰਦੀ ਹੋਈ ਆਪਣੇ ਆਧੁਨਿਕ ਰੂਪ ਵਿਚ ਸਾਡੇ ਸਾਹਮਣੇ ਆਈ ਹੈ। ਜਿਹੜੇ ਮੂਲ-ਸਰੋਤ ਪੰਜਾਬੀ ਭਾਸ਼ਾ ਦੇ ਹਨ ਉਹ ਇਕੱਲੇ ਪੰਜਾਬੀ ਭਾਸ਼ਾ ਦੇ ਹੀ ਨਹੀਂ ਸਗੋਂ ਕਈ ਅੰਤਰੀ ਤੇ ਬਾਹਰੀ ਕਾਰਨਾਂ ਕਰ ਕੇ ਇਸ ਦੇ ਨਾਲ-ਨਾਲ ਦੂਜੀਆਂ ਭਾਸ਼ਾਵਾਂ ਵੀ ਨਿਰੰਤਰ ਅਤੇ ਸਾਮਾਨਅੰਤਰ ਵਿਕਾਸ ਕਰਦੀਆਂ ਰਹੀਆਂ ਹਨ। ਜੇ ਅਸੀਂ ਇਹ ਮੰਨ ਲੈਂਦੇ ਹਾਂ ਕਿ ਪੰਜਾਬੀ ਭਾਸ਼ਾ ਦਾ ਮੂਲ ਸਰੋਤ ਇਕ ਹੀ ਹੈ ਤਾਂ ਦੂਜੀਆਂ ਵਿਕਸਤ ਹੋਈਆਂ ਭਾਸ਼ਾਵਾਂ ਵੀ ਉਸੇ ਮੂਲ-ਸਰੋਤ ਨੂੰ ਆਪਣਾ ਆਦਿ ਕਾਲ ਮੰਨ ਲੈਣਗੀਆਂ।

# ਸੁਪਾਰੀ ਲੈ ਕੇ ਕਤਲ ਤੇ ਯੋਜਨਾ ਤਿਆਰ ਕਰਨ ਵਾਲੇ ਗਿਰੋਹ ਦੇ 3 ਮੈਂਬਰ ਕਾਬੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪੁਲਸ ਕਪਤਾਨ ਸ਼੍ਰੀ ਭਾਗੀਰਥ ਸਿੰਘ ਮੀਨਾ ਵਲੋਂ ਅੱਜ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਡੀ ਐਸ ਪੀ ਰਣਜੀਤ ਸਿੰਘ ਬਦੇਸ਼ਾ ਅਤੇ ਰਾਹੋਂ ਥਾਣੇ ਦੇ ਇੰਚਾਰਜ ਰਾਜੀਵ ਕੁਮਾਰ ਦੀ ਅਗਵਾਈ ਵਿੱਚ ਅੱਜ ਸੁਪਾਰੀ ਲੈ ਕੇ ਕਤਲ ਵਾਲੇ ਕਾਹਲੋਂ ਪਿੰਡ ਵਾਲੇ ਮਾਮਲੇ ਤੋਂ ਪਰਦਾ ਚੁੱਕਿਆ ਗਿਆ ਹੈ। ਉਨ੍ਹਾਂ ਦੱਸਿਆ 3 ਫਰਵਰੀ ਨੂੰ ਪਿੰਡ ਕਾਹਲੋਂ ਦੇ ਵਸਨੀਕ ਮੇਹਰ ਸਿੰਘ ਵਲੋਂ ਸ਼ਿਕਾਇਤ ਦਰਜ ਕਰਵਾਈ ਗਈ ਸੀ, ਕਿ ਉਸ ਦੀ ਬੇਟੀ ਮਨਜੋਤ ਕੌਰ ਰਾਹੋਂ ਦੇ ਮੁਹੱਲਾ ਆਰਨਹਾਲੀ ਵਿਖੇ ਸ਼ਿਵ ਸੀਤਲ ਪੁੱਤਰ ਭੁਪਿੰਦਰ ਕੁਮਾਰ ਨਾਲ ਵਿਆਹੀ ਹੋਈ ਸੀ। ਜੋ ਇਸ ਸਮੇਂ ਡੇਰਾਬੱਸੀ (ਮੁਹਾਲੀ) ਰਹਿੰਦੇ ਹਨ। ਮੌਜੂਦਾ ਸਮੇਂ ਆਸਟ੍ਰੇਲੀਆ ਚ ਰਹਿੰਦੇ ਹਨ। ਮੇਹਰ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਅਤੇ ਬੇਟੀ ਮਨਜੋਤ ਕੌਰ ਇਸ ਸਮੇਂ ਆਸਟ੍ਰੇਲੀਆ ਵਿੱਚ ਤੇ ਉਹਨਾਂ ਦਾ ਬੇਟਾ ਅਮਨਦੀਪ ਸਿੰਘ ਆਪਣੇ ਪਰਿਵਾਰ ਨਾਲ ਇੰਗਲੈਂਡ ਵਿਚ ਰਹਿੰਦਾ ਹੈ। ਮੇਹਰ ਸਿੰਘ ਨੇ ਦੱਸਿਆ ਕਿ



31 ਦਸੰਬਰ 2022 ਅਤੇ 6 ਜਨਵਰੀ 2023 ਨੂੰ ਚੋਰੀ ਕਰਨ ਦੀ ਨੀਅਤ ਨਾਲ ਕੁੱਝ ਅਣਪਛਾਤੇ ਵਿਅਕਤੀ ਆਏ ਸਨ ਦੇ ਸੰਬੰਧੀ ਦੋ ਮਾਮਲੇ ਦਰਜ ਕੀਤੇ ਗਏ ਸਨ। 2 ਫਰਵਰੀ 2023 ਨੂੰ ਇੱਕ ਨਾਂ-ਮਾਲੂਮ ਵਿਅਕਤੀ ਨੇ ਫੋਨ ਕਰਕੇ ਉਸ ਨੂੰ ਸਸਤੀ ਸ਼ਰਾਬ ਵੇਚਣ ਦੇ ਬਹਾਨੇ ਮੇਨ ਰੋਡ ਤੇ ਪਿੰਡ ਦੇ ਗੇਟ ਕੋਲ ਬੁਲਾਇਆ। ਉੱਥੇ ਦੋ ਵਿਅਕਤੀ ਮੌਜੂਦ ਸਨ ਦੇ ਕੋਲ ਪਹੁੰਚਿਆ ਤਾਂ ਇਕ ਵਿਅਕਤੀ ਨੇ ਮੇਰੇ ਵੱਲ ਗੋਲੀ ਚਲਾ ਦਿੱਤੀ, ਜੋ ਮੇਰੇ ਕੰਨ ਦੇ ਕੋਲੋ ਲੰਘ ਗਈ। ਮੈਂ ਡਰ ਗਿਆ ਤੇ ਖੇਤ ਵਿੱਚ ਡਿੱਗ ਪਿਆ ਤੇ ਉਹ ਵਿਅਕਤੀਆਂ ਨੇ ਮੇਰੇ ਤੇ ਤੇਜ਼ਿੰਦਰ ਹਥਿਆਰਾਂ ਨਾਲ ਹਮਲਾ ਬੋਲ ਦਿੱਤਾ। ਮੇਰੇ ਤੇ ਹਮਲਾ ਕਰਨ ਪਿੱਛੋਂ ਉਹ ਮੇਰਾ ਮੋਟਰਸਾਈਕਲ ਵੀ ਲੈ ਗਏ। ਇਸ ਹਮਲੇ ਸੰਬੰਧੀ ਮੇਹਰ ਸਿੰਘ ਨੇ ਆਪਣੇ ਆਸਟ੍ਰੇਲੀਆ ਰਹਿੰਦੇ ਜਵਾਈ ਜਿਸ ਨਾਲ ਉਸ ਦੀ ਬੇਟੀ ਦਾ ਝਗੜਾ ਚੱਲਦਾ ਹੈ, ਨੂੰ ਜਿੰਮੇਵਾਰ ਦੱਸਿਆ। ਇਸ ਤੇ ਥਾਣਾ ਰਾਹੋਂ ਦੀ ਪੁਲਸ ਵਲੋਂ 10 ਨੰਬਰ ਮੁਕੱਦਮਾ ਦਰਜ ਕਰ ਲਿਆ। ਉਸੇ ਦਿਨ ਰਾਹੋਂ ਨਜਦੀਕ ਮੁੱਖ ਮਾਰਗ ਕੰਗ ਤੋਂ ਉਸਦਾ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਗਿਆ। ਪੁਲਸ ਵਲੋਂ ਘਟਨਾ ਵਾਲੀ ਥਾਂ ਦਾ ਮੁਆਇਨਾ ਕੀਤਾ ਤਾਂ ਕਾਰਤੂਸ ਦਾ ਖੋਲ ਬਰਾਮਦ ਹੋਣ ਤੇ ਦਰਜ ਮਾਮਲੇ ਵਿੱਚ ਅਸਲਾ ਐਕਟ ਦਾ ਵਾਧਾ ਕੀਤਾ ਗਿਆ। ਮੇਹਰ ਸਿੰਘ ਦੇ ਪੋਤਰੇ ਅਮ੍ਰਿਤਪਾਲ ਸਿੰਘ ਨੂੰ ਜਦੋਂ ਇੰਟਰਨੈਟ ਤੇ ਧਮਕੀਆਂ ਮਿਲਣ ਵਾਰੇ ਜਾਣਕਾਰੀ ਮਿਲਣ ਤੇ ਪੁਲਿਸ ਵਲੋਂ ਇਰਾਦਾ ਕਤਲ ਦੀ ਧਾਰਾ ਵੀ ਜੋੜ ਦਿੱਤੀ ਗਈ। ਡੀ ਐਸ ਪੀ ਰਣਜੀਤ ਸਿੰਘ ਬਦੇਸ਼ਾ ਤੇ ਥਾਣਾ ਰਾਹੋਂ ਦੇ ਮੁਖੀ ਰਾਜੀਵ ਕੁਮਾਰ ਤੇ ਅਧਾਰਿਤ ਟੀਮਾਂ ਵਲੋਂ ਮੁਕੱਦਮੇ 'ਚ ਸ਼ਾਮਿਲ ਕਥਿਤ ਮੁੱਖ ਦੋਸ਼ੀ ਰਮਨਦੀਪ ਸਿੰਘ (19-ਸਾਲ) ਨੂੰ ਲੁਧਿਆਣਾ ਤੋਂ ਕਾਬੂ ਕਰ ਲਿਆ ਗਿਆ। ਐਸ ਐਸ ਪੀ ਨੇ ਦੱਸਿਆ ਕਿ ਰਮਨਦੀਪ ਸਿੰਘ ਕੋਲੋਂ ਵਾਰਦਾਤ ਵਿੱਚ ਵਰਤਿਆ ਦੇਸੀ ਪਿਸਤੌਲ ਅਤੇ 4 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਰਮਨਦੀਪ ਸਿੰਘ ਨੇ ਪੁੱਛਗਿੱਛ ਦੌਰਾਨ ਇਕਬਾਲ ਕੀਤਾ ਕਿ ਮੇਹਰ ਸਿੰਘ ਦੇ ਜਵਾਈ ਸ਼ਿਵ ਸੀਤਲ ਨੇ ਆਸਟ੍ਰੇਲੀਆ ਤੋਂ ਹੀ ਮੇਹਰ ਸਿੰਘ ਨੂੰ ਕਤਲ ਕਰਨ ਲਈ 10 ਰੁਪਏ ਵਿੱਚ ਗੱਲਬਾਤ ਕਰ ਲਈ ਸੀ, ਤੇ ਜਿਸ ਵਿੱਚੋਂ ਪੇਸ਼ਗੀ ਦੇ ਤੌਰ ਤੇ 2 ਲੱਖ 30 ਹਜ਼ਾਰ ਰੁਪਏ ਸ਼ਿਵ ਸੀਤਲ ਨੇ ਰਮਨਦੀਪ ਸਿੰਘ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕਰ ਦਿੱਤੇ ਸਨ। ਇਸ ਮਗਰੋਂ ਰਮਨਦੀਪ ਸਿੰਘ ਨੇ ਵਾਰਦਾਤ ਨੂੰ ਅੰਜਾਮ ਦੇਣ ਲਈ ਸੌਰਵ ਕੁਮਾਰ ਉਰਫ ਸੋਨੂੰ (ਉੱਤਰ-ਪ੍ਰਦੇਸ਼), ਅਜੈ ਕੁਮਾਰ ਵਾਸੀ (ਦਿੱਲੀ), ਅਜੈ ਕੁਮਾਰ ਸਲਮਾਨ ਹਾਲ ਵਾਸੀ ਲੁਧਿਆਣਾ ਅਤੇ ਵਿਸ਼ਾਲ ਵਾਸੀ ਦਿੱਲੀ ਨੂੰ ਆਪਣੇ ਨਾਲ ਸ਼ਾਮਲ ਕਰ ਲਿਆ। ਉਕਤ ਕਥਿਤ ਦੋਸ਼ੀਆਂ ਦਾ ਮਾਮਲੇ ਵਿੱਚ ਸ਼ਾਮਲ ਹੋਣਾ ਪਾਏ ਜਾਣ ਤੇ ਪੁਲਿਸ ਵਲੋਂ ਰਮਨਦੀਪ ਸਿੰਘ ਵਾਸੀ ਸ਼ਿਮਲਾਪੁਰੀ ਲੁਧਿਆਣਾ, ਸੌਰਵ ਕੁਮਾਰ ਵਾਸੀ ਰੋਹਿਣੀ ਦਿੱਲੀ, ਅਜੈ ਕੁਮਾਰ ਵਾਸੀ ਰੋਹਿਣੀ ਦਿੱਲੀ ਨੂੰ ਗ੍ਰਿਫਤਾਰ ਕਰਕੇ ਇਹਨਾਂ ਪਾਸੋਂ ਇੱਕ ਦੇਸੀ ਪਿਸਤੌਲ, 4 ਜਿੰਦਾ ਕਾਰਤੂਸ 'ਤੇ ਬਟਨ ਵਾਲਾ ਚਾਕੂ ਬਰਾਮਦ ਕੀਤਾ ਹੈ। ਚੌਥਾ ਕਥਿਤ ਦੋਸ਼ੀ ਅਜੈ ਕੁਮਾਰ (ਸਲਮਾਨ) ਵਾਸੀ ਲੁਧਿਆਣਾ ਪਹਿਲਾਂ ਹੀ ਹਿਰਾਸਤ ਵਿੱਚ ਹੈ। ਐਸ ਐਸ ਪੀ ਨੇ ਅੱਗੇ ਦੱਸਿਆ ਕਿ ਉਕਤ ਕਥਿਤ ਦੋਸ਼ੀਆਂ ਤੋਂ ਇਲਾਵਾ ਮੇਹਰ ਸਿੰਘ ਦਾ ਜਵਾਈ ਸ਼ਿਵ ਸੀਤਲ ਹਾਲ ਵਾਸੀ ਆਸਟ੍ਰੇਲੀਆ ਅਤੇ ਵਿਸ਼ਾਲ ਕੁਮਾਰ ਵਾਸੀ ਸੁਲਤਾਨਪੁਰੀ ਦਿੱਲੀ ਨੂੰ ਵੀ ਇਸ ਅਪਰਾਧ ਵਿੱਚ ਨਾਮਜਦ ਕੀਤਾ ਗਿਆ ਹੈ। ਇਨ੍ਹਾਂ ਦੀ ਗ੍ਰਿਫਤਾਰੀ ਅਜੇ ਬਾਕੀ ਹੈ।

# ਸੁਰੱਖਿਆ ਨਾ ਲੈਣ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ, ਕੇਜਰੀਵਾਲ ਅਤੇ 'ਆਪ' ਦੇ ਹੋਰ ਆਗੂ ਖੁਦ ਰਹਿੰਦੇ ਹਨ ਕਰੜੇ ਸੁਰੱਖਿਆ ਦੇ ਘੇਰੇ 'ਚ: ਜੀਵਨ ਗੁਪਤਾ

**ਚੰਡੀਗੜ੍ਹ: 10 ਫਰਵਰੀ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਹੋਰ 'ਆਪ' ਆਗੂਆਂ ਨੂੰ ਜੰਬੋ ਸਕਿਓਰਿਟੀ ਦਾ ਆਨੰਦ ਮਾਣਨ 'ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਸੁਰੱਖਿਆ ਨਾ ਲੈਣ ਅਤੇ ਵੀ.ਆਈ.ਪੀ ਕਲਚਰ ਖਤਮ ਕਰਨ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲੇ ਅੱਜ ਖੁਦ ਜੰਬੋ ਸੁਰੱਖਿਆ ਦਾ ਆਨੰਦ ਮਾਣ ਰਹੇ ਹਨ।

ਜੀਵਨ ਗੁਪਤਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਜੇਕਰ ਕਿਸੇ ਨੇ ਧੋਖਾ ਕੀਤਾ ਹੈ ਤਾਂ ਉਹ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜਿਸ ਦੀ ਕਹਿਣੀ ਤੇ ਕਥਨੀ 'ਚ ਬਹੁਤ ਅੰਤਰ ਹੈ। ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਅਤੇ ਕੇਜਰੀਵਾਲ ਦੋਵੇਂ ਚੁਟਕਲੇ ਸੁਣਾਉਂਦੇ ਸਨ ਕਿ ਵਿਰੋਧੀ ਪਾਰਟੀਆਂ ਦੇ ਆਗੂ ਵੱਡੀਆਂ-ਵੱਡੀਆਂ ਸਕਿਉਰਿਟੀ ਲੈ ਕੇ ਘੁੰਮਦੇ ਹਨ ਅਤੇ ਦੋਵੇਂ ਹੀ ਕਹਿੰਦੇ ਸਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਵੀਆਈਪੀ ਕਲਚਰ ਖ਼ਤਮ ਕਰ ਦਿੱਤਾ ਜਾਵੇਗਾ। ਪਰ ਅਫਸੋਸ ਦੀ ਗੱਲ ਹੈ ਕਿ ਦੋਵੇਂ ਆਪਣੀ ਗੱਲ ਤੋਂ ਮੁਕਰ ਗਏ ਅਤੇ ਅੱਜ ਦੋਵੇਂ



ਹੀ ਉਸੇ ਰਸਤੇ 'ਤੇ ਚੱਲ ਰਹੇ ਹਨ। ਅੱਜ ਮੁੱਖ ਮੰਤਰੀ ਭਗਵੰਤ ਮਾਨ ਵੀ ਜੰਬੋ ਸੁਰੱਖਿਆ ਵਿਚ ਰਹਿੰਦੇ ਹਨ ਅਤੇ ਪੰਜਾਬ ਪੁਲਿਸ ਦੇ 90 ਤੋਂ ਵੱਧ ਜਵਾਨ ਅਰਵਿੰਦਰ ਕੇਜਰੀਵਾਲ ਦੀ ਸੁਰੱਖਿਆ ਵਿਚ ਵੀ ਤਾਇਨਾਤ ਕੀਤੇ ਗਏ ਹਨ। ਇਨਾ ਹੀ ਨਹੀਂ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪਤਨੀ ਦੀ ਸੁਰੱਖਿਆ ਵਧਾ ਕੇ ਜੰਬੋ ਸੁਰਖਿਆ ਕਰਦੇ ਹੋਏ 40 ਤੋਂ ਵਧ ਜਵਾਨ ਤੈਨਾਤ ਕਰ ਦਿੱਤੇ ਹਨ। ਜੀਵਨ ਗੁਪਤਾ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਡਰ ਦੇ ਮਾਹੌਲ ਵਿੱਚ ਜੀਅ ਰਹੇ ਹਨ। ਪੰਜਾਬ ਵਿੱਚ ਰੋਜ਼ਾਨਾ ਕਿਤੇ ਨਾ ਕਿਤੇ ਕਤਲ, ਫਿਰੌਤੀ ਦੀਆਂ ਘਟਨਾਵਾਂ, ਲੁੱਟ-ਖੋਹ ਆਦਿ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਜਨਤਾ ਪਰੇਸ਼ਾਨ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਨੂੰ ਰਾਮ ਭਰੋਸੇ ਛੱਡ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ, ਉਨ੍ਹਾਂ ਦਾ ਪਰਿਵਾਰ, ਕੇਜਰੀਵਾਲ ਅਤੇ ਹੋਰ 'ਆਪ' ਆਗੂ ਸੱਤਾ ਦਾ ਆਨੰਦ ਮਾਣਨ ਵਿਚ ਲੱਗੇ ਹੋਏ ਹਨ। ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੂੰ ਪੰਜਾਬ ਦੇ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

# ਅਕਾਲੀ ਦਲ ਨੂੰ ਝਟਕਾ ਅਕਾਲੀ ਦਲ (ਬਾ.) ਦੇ ਯੂਥ ਵਿੰਗ ਦੇ ਮੀਤ ਪ੍ਰਧਾਨ ਭਾਜਪਾ ਵਿੱਚ ਸ਼ਾਮਲ

**ਚੰਡੀਗੜ੍ਹ: 10 ਫਰਵਰੀ–** ਭਾਰਤੀ ਜਨਤਾ ਪਾਰਟੀ ਦੀ ਲੋਕਪ੍ਰਿਅਤਾ ਨੂੰ ਦੇਖਦੇ ਹੋਏ ਵਿਰੋਧੀ ਪਾਰਟੀਆਂ ਦੇ ਕਈ ਦਿੱਗਜ ਨੇਤਾ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ। ਇਸੇ ਲੜੀ ਤਹਿਤ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਜਪਾ ਦੇ ਸੂਬਾਈ ਹੈੱਡਕੁਆਰਟਰ ਚੰਡੀਗੜ੍ਹ ਵਿਖੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਅੱਜ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੂਬਾ ਮੀਤ ਪ੍ਰਧਾਨ ਅਤੇ ਯੂਥ ਵਿੰਗ ਦੇ ਸੂਬਾ ਮੀਤ ਪ੍ਰਧਾਨ ਆਪਣੇ ਸਮਰਥਕਾਂ ਸਮੇਤ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ। ਅਸ਼ਵਨੀ ਸ਼ਰਮਾ ਨੇ ਉਨ੍ਹਾਂ ਨੂੰ ਭਾਜਪਾ ਪਰਿਵਾਰ ਦੀ ਮੁਢਲੀ ਮੈਂਬਰਸ਼ਿਪ ਦਿਵਾਈ ਅਤੇ ਉਨ੍ਹਾਂ ਨੂੰ ਪਾਰਟੀ ਦਾ ਸਰੋਪਾ ਦੇ ਕੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਕਰਵਾਇਆ। ਇਸ ਮੌਕੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਰਾਜੇਸ਼ ਬਾਗਾ, ਬਿਕਰਮਜੀਤ ਸਿੰਘ ਚੀਮਾ, ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਗੜ੍ਹੀ ਆਦਿ ਵੀ ਹਾਜ਼ਰ ਸਨ। ਜੀਵਨ ਗੁਪਤਾ ਨੇ ਇਸ ਮੌਕੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਸਾਰੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅੱਜ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾ.) ਦੇ ਸੂਬਾ ਮੀਤ ਪ੍ਰਧਾਨ ਜਸਪਾਲ ਸਿੰਘ ਗਗਰੋਲੀ (ਸੰਗਰੂਰ), ਯੂਥ ਵਿੰਗ ਦੇ



ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਭੰਗੂ (ਸੰਗਰੂਰ), ਵਪਾਰੀ ਆਗੂ ਸਕਸ਼ਮ ਬਾਂਸਲ (ਨਾਭਾ) ਅਤੇ ਵਪਾਰੀ ਪ੍ਰੀਤਇੰਦਰ ਬੁੱਗਾ (ਅਮਲੋਹ) ਆਪਣੇ ਸਾਥੀਆਂ ਸਮੇਤ ਅਤੇ ਕਈ ਹੋਰ ਲੋਕ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਹਨ।

ਜੀਵਨ ਗੁਪਤਾ ਨੇ ਕਿਹਾ ਕਿ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਸਾਰੇ ਨਵੇਂ ਮੈਂਬਰ ਪਿਛਲੇ ਕਈ ਸਾਲਾਂ ਤੋਂ ਜਨਤਾ ਦੀ ਸੇਵਾ ਕਰ ਰਹੇ ਹਨ ਅਤੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਅਕਾਲੀ ਦਲ ਦੇ ਇਹ ਸਾਬਕਾ ਆਗੂ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦੀ ਆਪਣੀ ਵਿਧਾਨਸਭਾ ਸੰਗਰੂਰ ਦੇ ਰਹਿਣ ਵਾਲੇ ਹਨ ਅਤੇ ਜਨਤਾ ਵਿੱਚ ਚੰਗੀ ਸਾਖ ਰਖਦੇ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ। ਇਨ੍ਹਾਂ ਸਾਰੇ ਨਵੇਂ ਵਰਕਰਾਂ ਨੂੰ ਪਾਰਟੀ ਵਿੱਚ ਬਣਦਾ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਹ ਸਾਰੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਅਤੇ ਦੇਸ਼ ਹਿੱਤ ਵਿੱਚ ਲਏ ਗਏ ਠੋਸ ਫੈਸਲਿਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਹਨ। ਇਹ ਸਾਰੇ ਪਾਰਟੀ ਦੀ ਵਿਚਾਰਧਾਰਾ ਅਤੇ ਪ੍ਰਚਾਰ-ਪ੍ਰਸਾਰ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਉਧਰ ਇਸ ਮੌਕੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ ਨੇ ਪਾਰਟੀ ਵੱਲੋਂ ਉਨ੍ਹਾਂ 'ਤੇ ਜਤਾਏ ਗਏ ਭਰੋਸੇ 'ਤੇ ਖਰਾ ਉਤਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸੁਰਿੰਦਰ ਸਿੰਘ ਘੁਮਾਣਾ, ਸੁਰਿੰਦਰ ਸਿੰਘ ਚੰਦੂਆ, ਭੁਪਿੰਦਰ ਸਿੰਘ ਗੋਲੂ ਤੇ ਜਗੀਰ ਸਿੰਘ ਆਦਿ ਵੀ ਹਾਜ਼ਰ ਸਨ।

# ਨੈਸ਼ਨਲ ਲੋਕ ਅਦਾਲਤ ਵਿੱਚ ਆਯੋਜਿਤ 4886 ਕੇਸਾਂ ਦਾ ਮੌਕੇ 'ਤੇ ਨਿਪਟਾਰਾ

## ਲੋਕ ਅਦਾਲਤ ਲਈ ਜ਼ਿਲ੍ਹੇ ਵਿੱਚ 29 ਬੈਂਚਾਂ ਦਾ ਗਠਨ ਕੀਤਾ ਗਿਆ, ਸਾਲਾਂ ਤੋਂ ਲਟਕ ਰਹੇ ਕੇਸਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅੱਜ ਜ਼ਿਲ੍ਹੇ ਵਿੱਚ ਇਸ ਸਾਲ ਦੀ ਪਹਿਲੀ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਲੋਕ ਅਦਾਲਤ ਵਿਚ ਦੀਵਾਨੀ ਕੇਸ, ਰੈਂਟ ਕੇਸ, ਐਮ.ਏ.ਸੀ.ਟੀ., 138 ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, ਪਰਿਵਾਰਕ ਮਾਮਲੇ, ਲੇਬਰ ਮਾਮਲੇ, ਬੈਂਕ ਮਾਮਲੇ, ਬਿਜਲੀ ਅਤੇ ਪਾਣੀ ਦੇ ਬਿੱਲ, ਟ੍ਰੈਫਿਕ ਚਲਾਨ, ਅਦਾਲਤਾਂ ਵਿੱਚ ਲੰਬਿਤ ਅਤੇ ਮੁਕੱਦਮੇਬਾਜ਼ੀ ਦੇ ਨਿਪਟਾਰਾ ਕਰਵਾਉਣ ਸਬੰਧੀ ਕੇਸ ਰੱਖੇ ਗਏ। ਜਾਣਕਾਰੀ ਦਿੰਦਿਆਂ ਸੀ.ਜੇ.ਐਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਪਰਾਜਿਤਾ ਜੋਸ਼ੀ ਨੇ ਦੱਸਿਆ ਕਿ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਿਲਬਾਗ ਸਿੰਘ ਜੌਹਲ ਦੀ ਅਗਵਾਈ ਹੇਠ ਲਗਾਈ ਗਈ ਲੋਕ ਅਦਾਲਤ ਵਿੱਚ ਕੁੱਲ 29 ਬੈਂਚਾਂ ਦਾ ਗਠਨ ਕੀਤਾ ਗਿਆ। ਜ਼ਿਲ੍ਹਾ ਗਿਆ। ਜਿਨ੍ਹਾਂ ਵਿੱਚੋਂ ਹੁਸ਼ਿਆਰਪੁਰ ਜੁਡੀਸ਼ੀਅਲ ਕੋਰਟ ਵਿੱਚ 11, ਮਾਲ ਅਦਾਲਤ ਵਿੱਚ 6, ਖਪਤਕਾਰ ਅਦਾਲਤ ਵਿੱਚ 1, ਸਬ-ਡਵੀਜਨ ਦਸੂਹਾ ਵਿੱਚ 5, ਮੁਕੇਰੀਆਂ ਵਿੱਚ 3 ਅਤੇ ਗੜ੍ਹਸ਼ੰਕਰ ਵਿੱਚ 3 ਬੈਂਚਾਂ ਦਾ ਗਠਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤਾਂ ਵਿੱਚ 7475 ਕੇਸਾਂ ਦੀ ਸੁਣਵਾਈ ਹੋਈ ਅਤੇ 4886 ਕੇਸਾਂ ਦਾ ਮੌਕਾ 'ਤੇ ਨਿਪਟਾਰਾ ਕੀਤਾ ਗਿਆ ਅਤੇ ਕੁੱਲ 12,96,55,644 ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਇਸ ਨੈਸ਼ਨਲ ਲੋਕ ਅਦਾਲਤ ਦੌਰਾਨ ਅੱਜ ਸਪੈਸ਼ਲ ਜੇਲ ਲੋਕ ਅਦਾਲਤ/ ਕੈਂਪ ਕੋਰਟ ਵੀ ਲਗਾਈ ਗਈ। ਇਸ ਵਿਸ਼ੇਸ਼ ਲੋਕ ਅਦਾਲਤ/ਕੈਂਪ ਕੋਰਟ ਵਿੱਚ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 12 ਕੇਸਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਉਹਨਾਂ ਦੱਸਿਆ ਕਿ ਜੇਲ ਲੋਕ ਅਦਾਲਤ/ ਕੈਂਪ ਕੋਰਟ ਦਾ ਆਯੋਜਨ ਕਰਨ ਦਾ ਮੰਤਵ ਜੇਲ ਲੋਕ ਅਦਾਲਤ/ਕੈਂਪ ਕੋਰਟ ਲਗਾ ਕੇ ਅੰਡਰ ਟਰਾਇਲ ਕੈ-ਦੀਆਂ ਨੂੰ ਲੰਬੇ ਮੁਕੱਦਮੇ ਤੋਂ ਬਚਾਉਣਾ ਹੈ, ਜਿਸ ਨਾਲ ਪੈਸੇ ਅਤੇ ਸਮੇਂ ਦੀ ਬੱਚਤ ਹੁੰਦੀ ਹੈ। ਅੱਜ ਦੀ ਨੈਸ਼ਨਲ ਲੋਕ ਅਦਾਲਤ ਵਿੱਚ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਿਲਬਾਗ ਸਿੰਘ ਜੌਹਲ ਦੇ ਯਤਨਾਂ ਨਾਲ ਦੋ ਐਮ.ਏ.ਸੀ.ਟੀ ਕੇਸਾਂ ਦਾ ਨਿਪਟਾਰਾ ਕੀਤਾ ਗਿਆ, ਜਿਨ੍ਹਾਂ ਵਿੱਚੋਂ ਇੱਕ ਮਧੂ ਬਾਲਾ ਅਤੇ ਹੋਰ ਬਨਾਮ ਅੰਮ੍ਰਿਤ ਪਾਲ ਸਿੰਘ ਕਾਕੀ ਅਤੇ ਹੋਰ ਦੇ ਮਾਮਲੇ ਵਿੱਚ 15 ਲੱਖ ਰੁਪਏ ਦੇ ਨਾਲ ਇਸ ਕੇਸ ਨੂੰ ਸਮਝੌਤੇ ਨਾਲ ਨਿਪਟਾਇਆ ਗਿਆ। ਦੂਸਰਾ ਕੇਸ ਸਤਪਾਲ ਸਿੰਘ ਅਤੇ ਹੋਰ ਬਨਾਮ ਅੰਮ੍ਰਿਤ ਪਾਲ ਸਿੰਘ ਅਤੇ ਹੋਰਾਂ ਦੇ ਮਾਮਲੇ ਵਿੱਚ 14 ਲੱਖ, 50 ਹਜ਼ਾਰ ਰੁਪਏ ਵਿੱਚ ਸਮਝੌਤੇ ਰਾਹੀਂ ਕੇਸ ਦਾ ਨਿਪਟਾਰਾ ਹੋਇਆ।



ਇਹ ਦੋਵੇਂ ਕੇਸ ਚੋਲਾਮੰਡਲਮ ਕੰਪਨੀ ਦੇ ਸਨ, ਜਿਨ੍ਹਾਂ ਦਾ ਨਿਪਟਾਰਾ ਲੋਕ ਅਦਾਲਤ ਬੈਂਚ ਨੰਬਰ 01 ਵਿੱਚ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਤਿੰਦਰਪਾਲ ਸਿੰਘ ਖੁਰਮੀ ਦੀ ਤਰਫ਼ੋਂ ਅੰਤਿਮ ਫੈਸਲਾ ਸੁਣਾ ਕੇ ਕੀਤਾ ਗਿਆ। ਉਪਰੋਕਤ ਤੋਂ ਇਲਾਵਾ ਬੈਂਚ ਨੰਬਰ 01 ਵਿੱਚ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰਪਾਲ ਸਿੰਘ ਖੁਰਮੀ ਵਲੋਂ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਹੁਸ਼ਿਆਰਪੁਰ ਦੇ ਐਮ.ਏ.ਸੀ.ਟੀ ਦੇ ਚਾਰ ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਕੇਸ ਵਿੱਚ ਬਲਜਿੰਦਰ ਸਿੰਘ ਬਨਾਮ ਸਤਨਾਮ ਸਿੰਘ ਦੇ ਜਖਮੀ ਹੋਣ 'ਤੇ ਕੇਸ ਵਿਚ 3 ਲੱਖ 50 ਹਜਾਰ ਰੁਪਏ, ਦੂਸਰੇ ਕੇਸ ਵਿਚ ਰਿਆ ਬਨਾਮ ਸਤਨਾਮ ਸਿੰਘ ਦੇ ਜਖਮੀ ਹੋਣ 'ਤੇ ਕੇਸ ਵਿਚ 6 ਲੱਖ 50 ਹਜਾਰ ਰੁਪਏ, ਤੀਸਰਾ ਕੇਸ ਸੰਦੀਪ ਸਿੰਘ ਬਨਾਮ ਸਤਨਾਮ ਸਿੰਘ ਦੇ ਜਖਮੀ ਹੋਣ 'ਤੇ ਕੇਸ ਵਿਚ 2 ਲੱਖ 4 ਹਜ਼ਾਰ 300 ਰੁਪਏ ਅਤੇ ਚੌਥੇ ਕੇਸ ਵਿੱਚ ਸਰਬਜੀਤ ਕੌਰ ਬਨਾਮ ਸਤਨਾਮ ਸਿੰਘ ਦੀ ਮੌਤ ਦੇ ਕੇਸ ਵਿਚ 16 ਲੱਖ 10 ਹਜ਼ਾਰ ਰੁਪਏ ਦੇ ਮੁਕੱਦਮਿਆਂ ਦਾ ਨਿਪਟਾਰਾ ਨੈਸ਼ਨਲ ਲੋਕ ਅਦਾਲਤ ਵਿੱਚ ਕੀਤਾ ਗਿਆ। ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਹੁਸ਼ਿਆਰਪੁਰ ਦੇ ਡਿਵੀਜ਼ਨਲ ਮੈਨੇਜਰ ਹਰਦੀਪ ਸਿੰਘ, ਜਸਵਿੰਦਰ ਸਿੰਘ ਅਤੇ ਅਸਿਸਟੈਂਟ ਮੈਨੇਜਰ ਉਪਿੰਦਰ ਸਿੰਘ ਦੇ ਸਹਿਯੋਗ ਨਾਲ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਉਕਤ ਕੇਸ ਰੱਖ ਕੇ ਦੋਵਾਂ ਧਿਰਾਂ ਦਾ ਆਪਸੀ ਸਮਝੌਤਾ ਕਰਵਾਇਆ ਗਿਆ। ਨੈਸ਼ਨਲ ਲੋਕ ਅਦਾਲਤ ਦੌਰਾਨ ਗਠਿਤ ਬੈਂਚ ਨੰਬਰ 3 ਦੀ ਤਰਫੋਂ ਸਿਵਲ ਜੱਜ (ਸੀਨੀਅਰ ਡਵੀਜ਼ਨ) ਹੁਸ਼ਿਆਰਪੁਰ ਰੁਪਿੰਦਰ ਸਿੰਘ ਨੇ ਅੱਜ ਨੈਸ਼ਨਲ ਲੋਕ ਅਦਾਲਤ ਵਿੱਚ ਪੰਜ ਸਾਲ ਤੋਂ ਵੱਧ ਪੁਰਾਣੇ ਕੇਸ ਦਾ ਨਿਪਟਾਰਾ ਕੀਤਾ। ਅਨੀਤਾ ਰਾਣੀ ਬਨਾਮ ਭੁਪਿੰਦਰ ਸਿੰਘ ਵਿੱਚ, ਮੌਜੂਦਾ ਸ਼ਿਕ-'ਇਤਕਰਤਾ ਔਰਤ ਘਰੇਲੂ ਹਿੰਸਾ ਦੀ ਸੁਰੱਖਿਆ ਐਕਟ 2005 ਦੀ ਧਾਰਾ 12 ਦੇ ਤਹਿਤ ਪਟੀਸ਼ਨਕਰਤਾ ਦੁਆਰਾ ਜਵਾਬਦੇਹ ਦੇ ਖਿਲਾਫ ਦਾਇਰ ਕੀਤੀ ਗਈ ਸੀ। ਨੋਟਿਸ ਦਾ ਜਵਾਬ ਕਰਤਾ 11 ਅਪ੍ਰੈਲ, 2017 ਨੂੰ ਪੇਸ਼ ਹੋਇਆ, ਜਿਸ ਵਿਚ ਦੋਵਾਂ ਧਿਰਾਂ ਵਿਚਕਾਰ ਸਮਝੌਤਾ ਹੋਣ ਦੀਆਂ ਸੰਭਾਵਨਾਵਾਂ ਸਨ। ਇਸ ਤਰ੍ਹਾਂ ਦੋਵਾਂ ਧਿਰਾਂ ਵਿਚਾਲੇ ਸਮਝੌਤਾ ਕਰਵਾਉਣ ਲਈ ਲੋਕ ਅਦਾਲਤ ਵਿਚ ਗਠਿਤ ਬੈਂਚ ਸਿਵਲ ਜੱਜ (ਸੀਨੀਅਰ ਡਵੀਜ਼ਨ) ਰੁਪਿੰਦਰ ਸਿੰਘ ਦੇ ਯਤਨਾਂ ਸਦਕਾ ਦੋਵਾਂ ਧਿਰਾਂ ਵਿਚਕਾਰ ਸਮਝੌਤਾ ਹੋ ਗਿਆ।ਇਸ ਤਰ੍ਹਾਂ ਪੰਜ ਸਾਲ ਤੋਂ ਵੱਧ ਲੰਮੇ ਕੇਸ ਦਾ ਨਿਪਟਾਰਾ ਹੋ ਗਿਆ। ਇਸ ਨੈਸ਼ਨਲ ਲੋਕ ਅਦਾਲਤ ਦੇ ਮੌਕੇ 'ਤੇ ਟ੍ਰੈਫਿਕ ਪੇਮੈਂਟ ਲਈ ਆਏ ਲੋਕਾਂ ਲਈ ਪੁਲਿਸ ਵਿਭਾਗ ਦੇ ਕਰਮ-ਚਾਰੀਆਂ ਵੱਲੋਂ ਇੱਕ ਵਿਸ਼ੇਸ਼ ਹੈਲਪ ਡੈਸਕ ਲਗਾਇਆ ਗਿਆ ਤਾਂ ਜੋ ਅਦਾਲਤ 'ਚ ਪੈਂਡਿੰਗ ਪਏ ਟ੍ਰੈਫਿਕ ਚਲਾਨਾਂ ਦਾ ਭੁਗਤਾਨ ਆਸਾਨੀ ਨਾਲ ਕੀਤਾ ਜਾ ਸਕੇ। ਇਸ ਮੌਕੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਲੋਕ ਆਪਣੇ ਕੇਸ ਦਾਇਰ ਕਰਨ, ਜਿਸ ਨਾਲ ਸਮੇਂ ਅਤੇ ਪੈਸੇ ਦੋਵਾਂ ਦੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕ ਅਦਾਲਤਾਂ ਦੇ ਫੈਸਲੇ ਨੂੰ ਦੀਵਾਨੀ ਡਿਕਰੀ ਫਵਜੋਂ ਮਾਨਤਾ ਪ੍ਰਾਪਤ ਹੈ। ਲੋਕ ਅਦਾਲਤ ਵਿੱਚ ਫੈਸਲਾ ਹੋਣ ਤੋਂ ਬਾਅਦ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਸ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲੋਕ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਕੇ ਇਨ੍ਹਾਂ ਲੋਕ ਅਦਾਲਤਾਂ ਰਾਹੀਂ ਲਾਭ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਵਿਰੁੱਧ ਕੋਈ ਅਪੀਲ ਨਹੀਂ ਹੁੰਦੀ ਅਤੇ ਇਸ ਦਾ ਫੈਸਲਾ ਅੰਤਿਮ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਅਗਲੀ ਲੋਕ ਅਦਾਲਤ 13 ਮਈ ਨੂੰ ਲਗਾਈ ਜਾਵੇਗੀ।

## 21 ਫਰਵਰੀ ਲਈ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਸਬੰਧੀ ਵਿਸ਼ੇਸ਼

# ਵਿਸ਼ਵ ਵਿੱਚ ਲੱਗਭੱਗ 7000 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚੋਂ ਅੱਧੀਆ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ



ਕੁਲਦੀਪ ਚੰਦ
91-9417563054

ਹਰ ਸਮਾਜ ਦੇ ਵਿਕਾਸ ਵਿੱਚ ਮਾਤ ਭਾਸ਼ਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਮਾਤ ਭਾਸ਼ਾ ਕਿਸੇ ਵੀ ਵਿਅਕਤੀ ਦੀ ਪਹਿਚਾਣ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ ਅਤੇ ਉਹ ਭਾਸ਼ਾ ਹੁੰਦੀ ਹੈ ਜਿਸ ਵਿੱਚ ਉਸ ਸਮਾਜ ਦੇ ਲੋਕ ਅਪਣੀ ਗੱਲ ਬਾਤ ਇੱਕ ਦੂਜੇ ਨੂੰ ਚੰਗੀ ਤਰਾਂ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸ ਅਤੇ ਸਮਝਾ ਸਕਦੇ ਹਨ। ਕਈ ਵਾਰ ਮਾਤ ਭਾਸ਼ਾ ਨੂੰ ਖਤਮ ਕਰਨ ਲਈ ਹੁੰਦੇ ਹਮਲੇ ਵੀ ਚਰਚਾ ਵਿੱਚ ਰਹਿੰਦੇ ਹਨ। ਇਸਦੀ ਉਦਾਹਰਣ ਹੈ ਕਿ 1947 ਵਿੱਚ ਭਾਰਤ ਦੀ ਵੰਡ ਹੋਣ ਤੋਂ ਬਾਦ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) ਵਿੱਚ ਵੀ ਬਾਕੀ ਭਾਸ਼ਾਵਾਂ ਨੂੰ ਅਣਗੋਲਿਆਂ ਕਰਕੇ ਰਾਸ਼ਟਰੀ ਭਾਸ਼ਾ ਉਰਦੂ ਨੂੰ ਹੀ ਸੱਖਤੀ ਨਾਲ ਲਾਗੂ ਕਰ ਦਿੱਤਾ ਜਦਕਿ ਉਸ ਇਲਾਕੇ ਦੇ ਬਹੁਤੇ ਲੋਕ ਬੰਗਾਲੀ ਭਾਸ਼ਾ ਨੂੰ ਹੀ ਤਰਜੀਹ ਦਿੰਦੇ ਸਨ। 1952 ਵਿੱਚ ਸਰਕਾਰ ਨੇ ਜਦੋਂ ਬਾਕੀ ਭਾਸ਼ਾਵਾਂ ਤੇ ਪਾਬੰਦੀ ਹੀ ਲਗਾ ਦਿੱਤੀ ਤਾਂ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਇਲਾਕੇ ਦੇ ਲੋਕਾਂ ਨੇ ਅੰਦੋਲਨ ਸੁਰੂ ਕਰ ਦਿੱਤਾ ਜਿਸਨੂੰ ਰੋਕਣ ਲਈ ਪੁਲਿਸ ਨੇ ਗੋਲੀ ਚਲਾਈ ਜਿਸ ਵਿੱਚ ਕਈ ਵਿਅਕਤੀ ਮਾਰੇ ਗਏ। ਅਪਣੀ ਮਾਤ ਭਾਸ਼ਾ ਦੇ ਹੱਕ ਲਈ ਲੜਦੇ ਸ਼ਹੀਦਾਂ ਦੀ ਯਾਦਗਾਰ ਵਿੱਚ ਇਸ ਦਿਨ ਨੂੰ ਵਿਸ਼ੇਸ਼ ਤੋਰ ਤੇ ਯਾਦ ਕੀਤਾ ਜਾਂਦਾ ਹੈ। ਮਾਤ ਭਾਸ਼ਾ ਦੀ ਮਹੱਤਤਾ ਨੂੰ ਸਮਝਦੇ ਹੋਏ ਯੂਨੈਸਕੋ ਮਹਾਂਸਭਾ ਨੇ 1999 ਵਿੱਚ ਇੱਕ ਮਤਾ ਪਾਸ ਕਰਕੇ ਹਰ ਸਾਲ 21 ਫਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਸ ਸਾਲ 2023 ਲਈ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਮੁੱਖ ਵਿਸ਼ਾ ਅਤੇ ਉਦੇਸ਼ ''ਬਹੁਭਾਸ਼ੀ ਸਿੱਖਿਆ-ਸਿੱਖਿਆ ਨੂੰ ਬਦਲਣ ਦੀ ਲੋੜ'' ਟਰਾਂਸਫਾਰਮਿੰਗ ਐਜੂਕੇਸ਼ਨ ਸਮਿਟ ਦੌਰਾਨ ਕੀਤੀਆਂ ਸਿਫ਼ਾਰਸ਼ਾਂ ਨਾਲ ਮੇਲ ਖਾਂਦਾ ਹੈ ਜਿੱਥੇ ਸਵਦੇਸ਼ੀ ਲੋਕਾਂ ਦੀ ਸਿੱਖਿਆ ਅਤੇ ਭਾਸ਼ਾਵਾਂ ਤੇ ਵੀ ਜ਼ੋਰ ਦਿੱਤਾ ਗਿਆ ਸੀ। ਮਾਤ-ਭਾਸ਼ਾ ਤੇ ਆਧਾਰਿਤ ਬਹੁ-ਭਾਸ਼ਾਈ ਸਿੱਖਿਆ ਗੈਰ-ਪ੍ਰਭਾਸ਼ਿਤ ਭਾਸ਼ਾਵਾਂ, ਘੱਟ-ਗਿਣਤੀ ਸਮੂਹਾਂ ਦੀਆਂ ਭਾਸ਼ਾਵਾਂ ਅਤੇ ਸਵਦੇਸ਼ੀ ਭਾਸ਼ਾਵਾਂ ਬੋਲਣ ਵਾਲੇ ਆਬਾਦੀ ਸਮੂਹਾਂ ਲਈ ਸਿੱਖਣ ਵਿੱਚ ਪਹੁੰਚ ਅਤੇ ਸ਼ਾਮਲ ਕਰਨ ਦੀ ਸਹੂਲਤ ਦਿੰਦੀ ਹੈ। ਇਸ ਦਿਨ ਦਾ ਵਿਸੇਸ ਮੰਤਬ ਸਿੱਖਿਆ ਨੂੰ ਬਹੁ-ਭਾਸ਼ਾਈ ਸੰਦਰਭਾਂ ਵਿੱਚ ਬਦਲਣ ਦੀ ਲੋੜ ਵਜੋਂ ਬਹੁ-ਭਾਸ਼ਾਈ ਸਿੱਖਿਆ ਨੂੰ ਵਧਾਉਣਾ, ਤੇਜ਼ੀ ਨਾਲ ਬਦਲ ਰਹੀ ਬਹੁ-ਭਾਸ਼ਾਈ ਸਿੱਖਿਆ ਅਤੇ ਬਹੁ-ਭਾਸ਼ਾਈਵਾਦ ਦੁਆਰਾ ਸਿੱਖਣ ਦਾ ਸਮਰਥਨ ਕਰਨਾ, ਵਿਸ਼ਵ ਦੇ ਸੰਦਰਭ ਵਿੱਚ ਅਤੇ ਸੰਕਟ ਦੀਆਂ ਸਥਿਤੀਆਂ ਵਿੱਚ ਅਲੋਪ ਹੋ ਰਹੀਆਂ ਭਾਸ਼ਾਵਾਂ ਨੂੰ ਮੁੜ ਸੁਰਜੀਤ ਕਰਨ ਲਈ ਯੋਗਦਾਨ ਪਾਉਣਾ ਹੈ। ਵਿਸ਼ਵ ਪੱਧਰ ਤੇ ਲੱਗਭੱਗ 40 ਫਿਸਦੀ ਆਬਾਦੀ ਨੂੰ ਉਸ ਭਾਸ਼ਾ ਦੀ ਸਿੱਖਿਆ ਤੱਕ ਪਹੁੰਚ ਨਹੀਂ ਹੈ ਜੋ ਉਹ ਬੋਲਦੇ ਜਾਂ ਸਮਝਦੇ ਹਨ ਪਰੰਤੂ ਬਹੁ-ਭਾਸ਼ਾਈ ਸਿੱਖਿਆ ਵਿੱਚ ਇਸਦੀ ਮਹੱਤਤਾ ਦੀ ਵਧਦੀ ਸਮਝ ਖਾਸ ਤੌਰ ਤੇ ਸ਼ੁਰੂਆਤੀ ਸਕੂਲ ਵਿੱਚ ਅਤੇ ਜਨਤਕ ਜੀਵਨ ਵਿੱਚ ਇਸਦੇ ਵਿਕਾਸ ਲਈ ਵਧੇਰੇ ਵਚਨਬੱਧਤਾ ਨਾਲ ਤਰੱਕੀ ਕੀਤੀ ਜਾ ਰਹੀ ਹੈ। ਯੂਨੈਸਕੋ ਮਾਤ-ਭਾਸ਼ਾ ਜਾਂ ਪਹਿਲੀ ਭਾਸ਼ਾ ਤੇ ਆਧਾਰਿਤ ਬਹੁ-ਭਾਸ਼ਾਈ ਸਿੱਖਿਆ ਨੂੰ ਉਤਸ਼ਾਹਿਤ ਕਰਦਾ ਹੈ। ਇਹ ਇੱਕ ਕਿਸਮ ਦੀ ਸਿੱਖਿਆ ਹੈ ਜੋ ਉਸ ਭਾਸ਼ਾ ਵਿੱਚ ਸ਼ੁਰੂ ਹੁੰਦੀ ਹੈ ਜਿਸ ਵਿੱਚ ਸਿਖਿਆਰਥੀ ਸਭ ਤੋਂ ਵੱਧ ਮੁਹਾਰਤ ਹਾਸਲ ਕਰਦਾ ਹੈ ਅਤੇ ਫਿਰ ਹੌਲੀ-ਹੌਲੀ ਹੋਰ ਭਾਸ਼ਾਵਾਂ ਨੂੰ ਸਮਝਦਾ ਹੈ। ਇਹ ਪਹੁੰਚ ਉਹਨਾਂ ਸਿਖਿਆਰਥੀਆਂ ਨੂੰ ਵਿਸ਼ੇਸ ਤੋਰ ਤੇ ਸਮਰੱਥ ਬਣਾਉਂਦੀ ਹੈ ਜਿਨ੍ਹਾਂ ਦੀ ਮਾਤ ਭਾਸ਼ਾ ਪੜ੍ਹਾਈ ਦੀ ਭਾਸ਼ਾ ਤੋਂ ਵੱਖਰੀ ਹੈ ਤਾਂ ਜੋ ਘਰ ਅਤੇ ਸਕੂਲ ਵਿਚਕਾਰ ਵੱਧ ਰਹੇ ਪਾੜੇ ਨੂੰ ਪੂਰਾ ਕੀਤਾ ਜਾ ਸਕੇ, ਸਕੂਲ ਦੇ ਮਾਹੌਲ ਨੂੰ ਇੱਕ ਜਾਣੀ-ਪਛਾਣੀ ਭਾਸ਼ਾ ਵਿੱਚ ਖੋਜਿਆ ਜਾ ਸਕੇ, ਅਤੇ ਬਿਹਤਰ ਢੰਗ ਨਾਲ ਸਿੱਖ ਸਕਣ। ਬਹੁ-ਭਾਸ਼ਾਈਵਾਦ ਸਮਾਜਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਂਦਾ ਹੈ ਜੋ ਬਹੁ-ਸਭਿਆਚਾਰਾਂ, ਵਿਸ਼ਵ ਦ੍ਰਿਸ਼ਟੀਕੋਣਾਂ ਅਤੇ ਗਿਆਨ ਪ੍ਰਣਾਲੀਆਂ ਨੂੰ ਵਧਾਂਦੇ ਹੈ। ਸਿੱਖਿਆ ਦੇ ਮਾਪ ਵਿੱਚ ਭਾਸ਼ਾ ਨੂੰ ਕਵਰ ਕਰਦੇ ਹਨ ਅਤੇ ਉਨ੍ਹਾਂ ਲੋਕਾਂ ਦੀ ਸੁਰੱਖਿਆ ਵੀ ਕਰਦੇ ਹਨ ਜੋ ਸਿੱਖਿਆ ਤੋਂ ਬਾਹਰ ਹਨ ਜਿਵੇਂ ਕਿ ਨਸਲੀ ਘੱਟ ਗਿਣਤੀਆਂ, ਆਦਿਵਾਸੀ ਲੋਕ, ਕੁੜੀਆਂ ਅਤੇ ਔਰਤਾਂ। ਇਹ ਯਕੀਨੀ ਬਣਾਕੇ ਅਜਿਹੇ ਅਧਿਕਾਰ ਦੀ ਰੱਖਿਆ ਕਰੋ ਕਿ ਸਿੱਖਿਆ ਨਾ ਸਿਰਫ਼ ਉਪਲਬਧ ਹੋਵੇ ਸਗੋਂ ਸਵੀਕਾਰਯੋਗ ਵੀ ਹੋਣੀ ਚਾਹੀਦੀ ਹੈ। ਯੂਨੈਸਕੋ ਵਲੋਂ 2022 ਵਿੱਚ ਸਵਦੇਸ਼ੀ ਭਾਸ਼ਾਵਾਂ ਦਾ ਅੰਤਰਰਾਸ਼ਟਰੀ ਦਹਾਕਾ ਸ਼ੁਰੂ ਕੀਤਾ ਗਿਆ ਸੀ। ਮਾਤ-ਭਾਸ਼ਾ ਤੇ ਆਧਾਰਿਤ ਬਹੁ-ਭਾਸ਼ੀ ਸਿੱਖਿਆ ਰਾਹੀਂ ਸਿੱਖਿਆ ਦਾ ਪਰਿਵਰਤਨ ਕਰਨ ਦੀ ਲੋੜ ਹੈ। ਤੇਜ਼ੀ ਨਾਲ ਵਿਕਸਤ ਹੋ ਰਹੇ ਸੰਸਾਰਿਕ ਪ੍ਰਸੰਗਾਂ ਵਿੱਚ ਸਿੱਖਣ




ਦੇ ਵਾਤਾਵਰਣ ਵਿੱਚ ਤੇਜ਼ੀ ਨਾਲ ਪ੍ਰਭਾਵ ਪਾਇਆ ਜਾ ਰਿਹਾ ਹੈ। ਦੁਨੀਆ ਦੇ ਲੱਗਭੱਗ 25 ਫਿਸਦੀ ਬੱਚੇ ਸੰਘਰਸ਼ ਜਾਂ ਆਫ਼ਤ-ਗ੍ਰਸਤ ਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਉਹਨਾਂ ਵਿੱਚ ਸੰਦਰਭਾਂ, ਗੁਣਵੱਤਾ, ਬਰਾਬਰੀ ਅਤੇ ਸੰਮਲਿਤ ਸਿੱਖਿਆ ਦੇ ਅਧਿਕਾਰ ਦਾ ਆਮ ਤੌਰ ਤੇ ਸਨਮਾਨ ਨਹੀਂ ਕੀਤਾ ਜਾਂਦਾ ਹੈ। ਯੂਨੈਸਕੋ ਦਾ ਮੰਨਣਾ ਹੈ ਕਿ ਸਿੱਖਿਆ ਪਹਿਲੀ ਭਾਸ਼ਾ ਜਾਂ ਮਾਤ ਭਾਸ਼ਾ ਦੇ ਅਧਾਰ ਤੇ ਬਚਪਨ ਤੋਂ ਹੀ ਸ਼ੁਰੂ ਕਰਨੀ ਲਾਜ਼ਮੀ ਹੈ ਕਿਉਂਕਿ ਬਚਪਨ ਦੀ ਸੰਭਾਲ ਅਤੇ ਸਿੱਖਿਆ ਹੀ ਸਿੱਖਿਆ ਦੀ ਬੁਨਿਆਦ ਹੈ। ਵਿਸ਼ਵ ਵਿੱਚ ਲੱਗਭੱਗ 7000 ਭਾਸ਼ਾਵਾਂ ਹਨ ਜਿਨ੍ਹਾਂ ਵਿੱਚੋਂ ਅੱਧੀਆ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਇਸਦਾ ਮੁੱਖ ਕਾਰਨ ਹੈ ਕਿ ਜਨਤਕ ਖੇਤਰ ਅਤੇ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਿਰਫ ਗਿਣਤੀ ਦੀਆਂ ਭਾਸ਼ਾਵਾਂ ਨੂੰ ਹੀ ਵਰਤਿਆ ਜਾਂਦਾ ਹੈ ਅਤੇ ਮੋਜੂਦਾ ਡੀਜਟਿਲ ਯੁੱਗ ਵਿੱਚ ਇਨ੍ਹਾਂ ਦੀ ਗਿਣਤੀ ਹੋਰ ਵੀ ਘੱਟ ਗਈ ਹੈ। ਪੰਜਾਬੀ ਭਾਸ਼ਾ ਜੋਕਿ ਸਦੀਆਂ ਪੁਰਾਣੀ ਹੈ ਦੀ ਵਰਤੋਂ ਸਿਰਫ ਪੰਜਾਬ ਅਤੇ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿੱਚ ਮਾਣ ਸਤਿਕਾਰ ਨਾਲ ਕੀਤੀ ਜਾਂਦੀ ਹੈ। ਭਾਸ਼ਾਵਾਂ ਸਬੰਧੀ ਵਿਸ਼ਵ ਵਿਗਿਆਨਕੋਸ਼ ਐਥਨੋਲੋਗ 2005 ਅਨੁਸਾਰ ਪੰਜਾਬੀ ਨੂੰ ਲੱਗਭੱਗ 8.8 ਕਰੋੜ ਲੋਕ ਵਰਤਦੇ ਹਨ ਅਤੇ ਪੂਰੇ ਸੰਸਾਰ ਵਿੱਚ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਇਹ 10ਵੇਂ ਨੰਬਰ ਤੇ ਹੈ। ਸਾਡੇ ਗੁਆਂਢੀ ਮੁੱਲਕ ਪਾਕਿਸਤਾਨ ਵਿੱਚ ਵੀ ਲੱਗਭੱਗ 60 ਫਿਸਦੀ ਲੋਕ ਅਤੇ ਭਾਰਤ ਵਿੱਚ ਲੱਗਭੱਗ 2.7 ਫਿਸਦੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਇਹ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਸੂਬੇ ਦੀ ਸਰਕਾਰੀ ਭਾਸ਼ਾ ਹੈ ਅਤੇ ਭਾਰਤ ਦੇ ਹੀ ਕਈ ਹੋਰ ਰਾਜਾਂ ਵਿੱਚ ਦੂਜੀ ਅਤੇ ਤੀਜੀ ਭਾਸ਼ਾ ਦਾ ਦਰਜਾ ਹਾਸਲ ਹੈ। ਪੰਜਾਬ ਸੂਬਾ ਜਿਸਦੀ ਸਥਾਪਨਾ ਹੀ ਪੰਜਾਬੀ ਭਾਸ਼ਾ ਦੇ ਨਾਮ ਤੇ ਹੋਈ ਹੈ ਵਿੱਚ ਇਹ ਭਾਸ਼ਾ ਅਜੇ ਵੀ ਬਣਦਾ ਮਾਣ ਸਤਿਕਾਰ ਪ੍ਰਾਪਤ ਨਾਂ ਕਰ ਸਕੀ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਲੋਕਾਂ ਦੇ ਸੰਘਰਸ਼ ਤੋਂ ਬਾਦ ਅਜੇ ਤੱਕ ਵੀ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਹਾਸਲ ਨਹੀਂ ਹੋਇਆ ਹੈ। ਪੰਜਾਬ ਵਿੱਚ ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਭਾਸ਼ਾ ਦਾ ਦਫਤਰੀ ਆਰੰਭ ਰਿਆਸਤ ਪਟਿਆਲਾ ਵਿੱਚ 01 ਜਨਵਰੀ 1948 ਨੂੰ ਹੋਇਆ ਜਦੋਂ ਸਿੱਖਿਆ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਸੈਕਸ਼ਨ ਬਣਾਇਆ ਗਿਆ ਜੋਕਿ ਮਗਰੋਂ ਪੰਜਾਬੀ ਵਿਭਾਗ ਹੀ ਬਣ ਗਿਆ। ਪੈਪਸੂ ਸਰਕਾਰ ਦਾ ਪਹਿਲਾ ਬਜ਼ਟ ਜੋਕਿ 13 ਅਪ੍ਰੈਲ 1949 ਨੂੰ ਤਿਆਰ ਹੋਇਆ ਸੀ ਪੰਜਾਬੀ ਵਿੱਚ ਹੀ ਤਿਆਰ ਕੀਤਾ ਗਿਆ। ਪੰਜਾਬ ਰਾਜ ਪੁਨਰਗਠਨ ਤੋਂ ਬਾਦ ਪੰਜਾਬ ਰਾਜ ਭਾਸ਼ਾ ਐਕਟ 1967 ਵਿੱਚ ਬਣਾਇਆ ਗਿਆ ਜਿਸ ਅਨੁਸਾਰ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾ ਵਿੱਚ ਪੰਜਾਬੀ ਵਿੱਚ ਕੰਮ ਕਰਨਾ ਜਰੂਰੀ ਹੈ। 05 ਨਵੰਬਰ 2008 ਨੂੰ ਇਸ ਐਕਟ ਵਿੱਚ ਸੋਧ ਕੀਤੀ ਗਈ ਜਿਸ ਅਨੁਸਾਰ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨਾ ਜਰੂਰੀ ਹੈ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਾਂ ਉਸਦੇ ਅਧੀਨ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਨਿਰਿਖਣ ਕਰਨ ਦਾ ਅਧਿਕਾਰ ਹੈ। ਇਸ ਐਕਟ ਦੀ ਸਮੀਖਿੱਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਪੱਧਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਨੂੰ ਚੇਅਰਪਰਸਨ, ਡਾਇਰੈਕਟਰ ਭਾਸ਼ਾ ਵਿਭਾਗ ਨੂੰ ਕਨਵੀਨਰ ਬਣਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਵੱਲੋਂ ਨਾਮਜ਼ਦ ਨੁਮਾਇੰਦਾ, ਐਡਵੋਕੇਟ ਜਨਰਲ ਪੰਜਾਬ ਜਾਂ ਉਨ੍ਹਾਂ ਦਾ ਨੁਮਾਇੰਦਾ, ਸਕੱਤਰ ਸਕੂਲ ਸਿੱਖਿਆ, ਸਕੱਤਰ ਉਚੇਰੀ ਸਿੱਖਿਆ, ਕਾਨੂੰਨੀ ਮਸ਼ੀਰ ਅਤੇ ਸਕੱਤਰ ਪੰਜਾਬ ਸਰਕਾਰ, ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਮੀਟਿੰਗ ਕਰੇਗੀ। ਇਸ ਰਾਜ ਪੱਧਰੀ ਕਮੇਟੀ ਨੂੰ ਜ਼ਿਲ੍ਹਾਂ ਪੱਧਰੀ ਕਮੇਟੀ ਨੂੰ ਨਿਰਦੇਸ਼ ਦੇਣ ਦਾ ਅਧਿਕਾਰ ਹੈ। ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਵੀ ਬਣਾਈ ਜਾਵੇਗੀ ਜਿਸ ਵਿੱਚ ਮੁੱਖ ਮੰਤਰੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ ਦੇ ਮੰਤਰੀ ਜਾਂ ਵਿਧਾਇਕ ਨੂੰ ਚੇਅਰਪਰਸਨ, ਡਿਪਟੀ ਕਮਿਸ਼ਨਰ ਨੂੰ ਵਾਇਸ ਚੇਅਰਮੈਨ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਕਨਵੀਨਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਜ਼ਿਲ੍ਹੇ ਵਿੱਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪੱਤਰਕਾਰੀ ਦੇ ਤਿੰਨ ਨੁਮਾਇੰਦੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ, ਜ਼ਿਲ੍ਹਾ ਅਟਾਰਨੀ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜ਼ਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆਂ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ। ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿੱਚ ਇੱਕ ਮੀਟਿੰਗ ਕਰੇਗੀ। ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਸਭ ਦੇ ਬਾਬਜੁਦ ਵੀ ਵੀ ਪੰਜਾਬੀ ਭਾਸ਼ਾ ਨੂੰ ਰਾਜ ਪੱਧਰ ਤੇ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਿਆ ਹੈ।

ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ ਪਰ ਇਹ ਐਕਟ ਵੀ ਕੇਵਲ ਕਾਗਜ਼ੀ ਹੀ ਜਾਪਦਾ ਹੈ ਅਤੇ ਹਾਲਤ ਇੱਥੋਂ ਤੱਕ ਖਸਤਾ ਹੈ ਕਿ ਪੰਜਾਬ ਅਤੇ ਪੰਜਾਬੀਆਂ ਦੀ ਅਗਵਾਈ ਕਰਨ ਵਾਲੀਆਂ ਬਹੁਤੀਆਂ ਰਾਜਸੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਤੱਕ ਵੀ ਪੰਜਾਬੀ ਵਿੱਚ ਨਹੀਂ ਬਣਾਏ ਹਨ, ਬਹੁਤੇ ਪੰਜਾਬੀ ਮੰਤਰੀ ਤਾਂ ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਵਿੱਚ ਅਪਣੀ ਸਹੁੰ ਵੀ ਪੰਜਾਬੀ ਵਿੱਚ ਨਹੀਂ ਚੁੱਕਦੇ ਹਨ। ਬਹੁਤੇ ਮੰਤਰੀਆਂ, ਵਿਧਾਇਕਾਂ, ਸਰਕਾਰੀ ਅਫਸਰਾਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ ਜਿੱਥੇ ਕਿ ਪੰਜਾਬੀ ਭਾਸ਼ਾ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੁੰਦਾ ਤਾਂ ਫਿਰ ਅਜਿਹੇ ਰਾਜਸੀ ਨੇਤਾ ਅਤੇ ਅਫ਼ਸਰ ਪੰਜਾਬੀ ਭਾਸ਼ਾ ਨੂੰ ਕਿਵੇਂ ਰਾਜ ਪੱਧਰ ਤੇ ਲਾਗੂ ਕਰਨ ਵਿੱਚ ਦਿਲਚਸਪੀ ਲੈ ਸਕਦੇ ਹਨ। ਪਿਛਲੇ ਸਮੇਂ ਵਿੱਚ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ ਕਿ ਪੰਜਾਬ ਵਿੱਚ ਬਹੁਤੇ ਅਧਿਕਾਰੀ ਦੂਜੇ ਰਾਜਾਂ ਦੇ ਹੀ ਕੰਮ ਕਰ ਰਹੇ ਹਨ ਜੋਕਿ ਪੰਜਾਬੀ ਭਾਸ਼ਾ ਨੂੰ ਕਦੇ ਵੀ ਪਹਿਲ ਨਹੀਂ ਦਿੰਦੇ ਹਨ। ਹਾਲਾਤ ਇੱਥੋ ਤੱਕ ਮਾੜੇ ਹਨ ਕਿ ਪੰਜਾਬ ਵਿੱਚ ਲੱਗੇ ਹੋਏ ਬਹੁਤੇ ਸਰਕਾਰੀ ਅਤੇ ਗੈਰ ਸਰਕਾਰੀ ਬੋਰਡ ਵੀ ਪੰਜਾਬੀ ਵਿੱਚ ਨਹੀਂ ਹਨ ਅਤੇ ਜਦੋਂ ਕੁੱਝ ਵਿਅਕਤੀਆਂ ਅਤੇ ਸੰਸਥਾਵਾਂ ਨੇ ਅਪਣੇ ਪੱਧਰ ਤੇ ਕਾਰਵਾਈ ਸ਼ੁਰੂ ਕੀਤੀ ਤਾਂ ਸਰਕਾਰ ਨੇ ਉਲੱਟ ਅਜਿਹੇ ਵਿਅਕਤੀਆਂ ਖਿਲਾਫ ਹੀ ਕਨੂੰਨੀ ਕਾਰਵਾਈ ਕਰ ਦਿੱਤੀ। ਪੰਜਾਬ ਸਰਕਾਰ ਵਲੋਂ ਕਈ ਵਾਰ ਪੰਜਾਬੀ ਭਾਸ਼ਾ ਨੂੰ ਵਿਕਸਿਤ ਕਰਨ ਲਈ ਕਦਮ ਚੱਕੇ ਗਏ ਹਨ ਜਿਨ੍ਹਾਂ ਵਿੱਚ ਪੰਜਾਬ ਦਫਤਰੀ ਭਾਸ਼ਾ ਐਕਟ 1967 ਵਿੱਚ ਸੋਧ ਕਰਨ ਲਈ ਨਵੰਬਰ 2021 ਵਿੱਚ ਪੰਜਾਬ ਦਫਤਰੀ ਭਾਸ਼ਾ ਐਕਟ ਸੋਧ ਬਿਲ 2021 ਪਾਸ ਕੀਤਾ ਗਿਆ ਹੈ ਅਤੇ ਪੰਜਾਬ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣਾ ਲਾਜਮੀ ਕੀਤਾ ਗਿਆ ਹੈ ਅਤੇ ਅਜਿਹਾ ਨਾਂ ਕਰਨ ਵਾਲੇ ਵਿਦਿੱਅਕ ਅਦਾਰਿਆਂ ਖਿਲਾਫ ਸੱਖਤ ਕਾਰਵਾਈ ਕਰਨ ਅਤੇ ਭਾਰੀ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ।

ਸਰਕਾਰ ਵਲੋਂ ਪੰਜਾਬ ਦੇ ਸਮੂਹ ਦੱਫਤਰਾਂ ਵਿੱਚ ਕੰਮ ਪੰਜਾਬੀ ਭਾਸ਼ਾ ਵਿੱਚ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਅਜਿਹਾ ਨਾਂ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ। ਸਰਕਾਰ ਦੀਆਂ ਇਹ ਘੋਸ਼ਣਾਵਾਂ ਵੀ ਅਕਸਰ ਨਜਰਅੰਦਾਜ ਹੀ ਹੋ ਰਹੀਆਂ ਹਨ ਅਤੇ ਸਰਕਾਰਾਂ ਦੀ ਲਾਪਰਵਾਹੀ ਕਾਰਨ ਹੀ ਪੰਜਾਬ ਵਿੱਚ ਸਦੀਆਂ ਪੁਰਾਣੀ ਪੰਜਾਬੀ ਭਾਸ਼ਾ ਨੂੰ ਹੁਣ ਤੱਕ ਬਣਦਾ ਰੁਤੱਬਾ ਹਾਸਲ ਨਹੀਂ ਹੋਇਆ ਹੈ। ਅਪਣੀ ਮਾਤ ਭਾਸ਼ਾ ਭਾਸ਼ਾ ਪੰਜਾਬੀ ਨੂੰ ਬਚਾਉਣ ਲਈ ਹਰ ਵਰਗ ਦੇ ਲੋਕਾਂ ਸਮਾਜਿਕ, ਰਾਜਨੀਤਿਕ, ਧਾਰਮਿਕ ਆਗੂਆਂ ਨੂੰ ਅੱਗੇ ਆਣਾ ਪਵੇਗਾ ਨਹੀ ਤਾਂ ਹੋਲੀ ਹੋਲੀ ਇਹ ਭਾਸ਼ਾ ਖਤਮ ਹੋ ਜਾਵੇਗੀ ਅਤੇ ਇਸ ਦਿਨ ਹੋਣ ਵਾਲੇ ਸਮਾਗਮਾਂ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਰਹੇਗੀ।

# ਜੀ-20- ਗਰੀਬ ਦੇਸ਼ਾਂ ਨੂੰ ਕਰਜ਼ਾ ਰਾਹਤ ਭਾਰਤ ਦਾ ਵੱਡਾ ਏਜੰਡਾ ਹੋਵੇਗਾ

**ਨਵੀਂ ਦਿੱਲੀ-** ਭਾਰਤ ਦੀ ਅਗਵਾਈ 'ਚ ਹੋਣ ਵਾਲੀ ਜੀ-20 ਬੈਠਕ 'ਚ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਭਾਵ ਗਲੋਬਲ ਸਾਊਥ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਸਾਹਮਣੇ ਲਿਆਉਣ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਾਅਦੇ ਨੂੰ ਲਾਗੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਭਾਰਤ ਇਸ ਸਮੱਸਿਆ 'ਤੇ ਵਿਸ਼ਵ ਪੱਧਰ 'ਤੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਨ ਜਾ ਰਿਹਾ ਹੈ, ਖਾਸ ਤੌਰ 'ਤੇ ਕਰੋਨਾ ਮਹਾਮਾਰੀ ਅਤੇ ਯੂਕਰੇਨ 'ਚ ਜੰਗ ਤੋਂ ਬਾਅਦ ਜਿਸ ਤਰ੍ਹਾਂ ਘੱਟ ਵਿਕਸਿਤ ਦੇਸ਼ਾਂ 'ਤੇ ਕਰਜ਼ੇ ਦਾ ਬੋਝ ਵਧਿਆ ਹੈ। ਇਸੇ ਲੜੀ ਤਹਿਤ ਅਗਲੇ ਦੋ ਹਫ਼ਤਿਆਂ ਦੌਰਾਨ ਭਾਰਤ ਦੀ ਅਗਵਾਈ ਹੇਠ ਤਿੰਨ ਵੱਖ-ਵੱਖ ਮੀਟਿੰਗਾਂ ਹੋਣ ਜਾ ਰਹੀਆਂ ਹਨ।

### ਗਰੀਬ ਦੇਸ਼ਾਂ ਨੂੰ ਕਰਜ਼ਾ ਮੋੜਨ ਲਈ ਰਾਹਤ ਦੇਣ ਦੇ ਪ੍ਰਸਤਾਵ 'ਤੇ ਹੋਵੇਗੀ ਚਰਚਾ

ਗਲੋਬਲ ਕਰਜ਼ੇ ਦੀ ਸਮੱਸਿਆ 'ਤੇ ਇਸ ਹਫਤੇ ਸ਼ੁੱਕਰਵਾਰ (17 ਫਰਵਰੀ) ਨੂੰ ਇਕ ਬੈਠਕ ਹੋਣ ਜਾ ਰਹੀ ਹੈ, ਜਿਸ 'ਚ ਵਿਸ਼ਵ ਬੈਂਕ, ਆਈਐੱਮਐੱਫ, ਚੀਨ, ਸਾਊਦੀ ਅਰਬ ਸਮੇਤ ਕਈ ਹੋਰ ਦੇਸ਼ ਹਿੱਸਾ ਲੈਣਗੇ। ਇਸ ਵਿੱਚ ਕਰਜ਼ੇ ਵਿੱਚ ਡੁੱਬੇ ਅਤਿ ਗਰੀਬ ਮੁਲਕਾਂ ਨੂੰ ਕਰਜ਼ਾ ਮੋੜਨ ਤੋਂ ਰਾਹਤ ਦੇਣ ਲਈ ਵਿਸ਼ਵ ਬੈਂਕ ਵੱਲੋਂ ਪੇਸ਼ ਕੀਤੇ ਪ੍ਰਸਤਾਵ 'ਤੇ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ ਜਾਵੇਗੀ।

ਇਸ ਬੈਠਕ ਤੋਂ ਇਲਾਵਾ ਅਗਲੇ ਹਫਤੇ ਜੀ-20 ਦੇ ਤਹਿਤ ਕੇਂਦਰੀ ਬੈਂਕ ਦੇ ਗਵਰਨਰਾਂ ਅਤੇ ਵਿੱਤ ਮੰਤਰੀਆਂ ਦੀ ਬੈਠਕ 'ਚ ਵੀ ਇਹ ਵੱਡਾ ਏਜੰਡਾ ਹੋਵੇਗਾ। ਸੂਤਰਾਂ ਦਾ ਕਹਿਣਾ ਹੈ ਕਿ ਭਾਰਤ ਆਲਮੀ ਕਰਜ਼ੇ ਦੀ ਸਮੱਸਿਆ 'ਤੇ ਆਉਣ ਵਾਲੇ ਮੁੱਦਿਆਂ ਨੂੰ ਜੀ-20 ਵਰਗੇ ਪਲੇਟਫਾਰਮ 'ਤੇ ਲਿਆਵੇਗਾ।

### ਨਿਰਮਲਾ ਸੀਤਾਰਮਨ ਨੇ ਗਲੋਬਲ ਕਰਜ਼ੇ ਦੇ ਵਧਣ 'ਤੇ ਚਿੰਤਾ ਪ੍ਰਗਟਾਈ

ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਬੁਲਾਈ ਗਈ ਗਲੋਬਲ ਸਾਊਥ ਦੇਸ਼ਾਂ ਦੀ ਵਰਚੁਅਲ ਮੀਟਿੰਗ ਵਿੱਚ ਵੀ ਇਸ ਬਾਰੇ ਚਰਚਾ ਕੀਤੀ ਗਈ ਸੀ। ਬੈਠਕ 'ਚ ਕਿਹਾ ਗਿਆ ਕਿ ਕਈ ਦੇਸ਼ਾਂ ਦਾ ਵਧਦਾ ਕਰਜ਼ਾ ਖਤਰਨਾਕ ਪੱਧਰ 'ਤੇ ਪਹੁੰਚ ਗਿਆ ਹੈ। ਵਿੱਤ ਮੰਤਰੀ ਸੀਤਾਰਮਨ ਨੇ ਇਸ ਬੈਠਕ 'ਚ ਕਿਹਾ ਸੀ ਕਿ ਜੇਕਰ ਗਲੋਬਲ ਕਰਜ਼ 'ਚ ਵਾਧੇ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਇਹ ਆਲਮੀ ਮੰਦੀ ਦੀ ਸਥਿਤੀ ਨੂੰ ਹੋਰ ਵਿਗੜ ਸਕਦਾ ਹੈ। ਇਹ ਗੱਲ ਵਿੱਤ ਮੰਤਰੀ 23-25 ਫਰਵਰੀ ਨੂੰ ਬੈਂਗਲੁਰੂ ਵਿੱਚ ਹੋਣ ਵਾਲੀ ਜੀ-20 ਵਿੱਤ ਮੰਤਰੀਆਂ ਦੀ ਮੀਟਿੰਗ ਵਿੱਚ ਰੱਖਣਗੇ। ਦੁਨੀਆ ਦੇ ਸਭ ਤੋਂ ਗਰੀਬ 74 ਦੇਸ਼ਾਂ 'ਤੇ ਕੁੱਲ 35 ਬਿਲੀਅਨ ਡਾਲਰ ਦਾ ਕਰਜ਼ਾ ਹੈ

ਭਾਰਤ ਤੋਂ ਵਿਕਾਸਸ਼ੀਲ ਦੇਸ਼ਾਂ 'ਤੇ ਵਿਸ਼ਵਵਿਆਪੀ ਕਰਜ਼ੇ ਦੇ ਪ੍ਰਭਾਵ ਵੱਲ ਵਿਸ਼ੇਸ਼ ਧਿਆਨ ਦੇਣ ਨੂੰ ਵੀ ਚੀਨ 'ਤੇ ਦਬਾਅ ਵਧਾਉਣ ਦੀ ਰਣਨੀਤੀ ਵਜੋਂ ਦੇਖਿਆ ਜਾ ਰਿਹਾ ਹੈ। ਪਿਛਲੇ ਹਫਤੇ ਹੀ ਅਮਰੀਕਾ ਦੇ ਖਜ਼ਾਨਾ ਸਕੱਤਰ ਜੈਨੇਟ ਐਲਨ ਨੇ ਕਿਹਾ ਹੈ ਕਿ ਜੇਕਰ ਗਰੀਬ ਦੇਸ਼ਾਂ 'ਤੇ ਕਰਜ਼ੇ ਦਾ ਬੋਝ ਘੱਟ ਕਰਨਾ ਹੈ ਤਾਂ ਚੀਨ ਨੂੰ ਜ਼ੈਂਬੀਆ ਅਤੇ ਹੋਰ ਅਫਰੀਕੀ ਦੇਸ਼ਾਂ ਦੀ ਮਦਦ ਲਈ ਤੇਜ਼ੀ ਨਾਲ ਅੱਗੇ ਆਉਣਾ ਹੋਵੇਗਾ। ਵਿਸ਼ਵ ਬੈਂਕ ਦੀ 2022 ਦੀ ਰਿਪੋਰਟ ਮੁਤਾਬਕ ਦੁਨੀਆ ਦੇ ਸਭ ਤੋਂ ਗਰੀਬ 74 ਦੇਸ਼ਾਂ ਸਿਰ 35 ਅਰਬ ਡਾਲਰ ਦਾ ਕੁੱਲ ਕਰਜ਼ਾ 'ਤੇ 35 ਅਰਬ ਡਾਲਰ ਦਾ ਕਰਜ਼ਾ ਹੈ ਤੇ ਇਸ ਦਾ 37 ਫੀਸਦੀ (ਲਗਭਗ 11 ਅਰਬ ਡਾਲਰ) ਚੀਨ ਦਾ ਹੈ।

ਕੋਰੋਨਾ ਮਹਾਮਾਰੀ ਤੋਂ ਬਾਅਦ ਕਰਜ਼ੇ ਦੀ ਰਕਮ ਤੇਜ਼ੀ ਨਾਲ ਵਧੀ ਹੈ। ਪਿਛਲੇ ਸਾਲ ਦੀ ਜੀ-20 ਬੈਠਕ 'ਚ ਵੀ ਗਰੀਬ ਦੇਸ਼ਾਂ ਦਾ ਕਰਜ਼ਾ ਮੁਆਫ ਕਰਨ ਦੇ ਮੁੱਦੇ 'ਤੇ ਚਰਚਾ ਹੋਈ ਸੀ ਪਰ ਕਿਹਾ ਜਾਂਦਾ ਹੈ ਕਿ ਚੀਨ ਦਾ ਰੁਖ ਕਾਫੀ ਅਸਪਸ਼ਟ ਹੈ।

ਚੀਨੀ ਪੱਖ ਤੋਂ ਕਰਜ਼ਾ ਮੁਆਫੀ 'ਤੇ ਸਥਿਤੀ ਸਪੱਸ਼ਟ ਕੀਤੇ ਬਿਨਾਂ ਇਸ ਮੁੱਦੇ 'ਤੇ ਗੱਲਬਾਤ ਅੱਗੇ ਨਹੀਂ ਵਧ ਸਕਦੀ। ਇਸ ਸੰਦਰਭ ਵਿੱਚ ਇਸ ਹਫ਼ਤੇ ਅਤੇ ਅਗਲੇ ਹਫ਼ਤੇ ਦੀਆਂ ਮੀਟਿੰਗਾਂ ਦਾ ਮਹੱਤਵ ਵਧ ਗਿਆ ਹੈ।




Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556


# ਥਾਮਸ ਐਡੀਸਨ ਦੇ ਜਨਮ ਦਿਨ 'ਤੇ ਵਿਸ਼ੇਸ -11 ਫ਼ਰਵਰੀ 1847

ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

ਥਾਮਸ ਅਲਵਾ ਐਡੀਸਨ ਦਾ ਜਨਮ 11 ਫ਼ਰਵਰੀ 1847 ਅਮਰੀਕਾ ਵਿੱਚ ਓਹੀਓ ਰਾਜ ਦੇ ਮਿਲਨ ਸ਼ਹਿਰ ਵਿੱਚ ਹੋਇਆ। ਥੋਮਸ ਦੇ ਮਾਤਾ ਪਿਤਾ ਸੇਮੁਏਲ ਅਗਡਿਨ ਐਡੀਸਨ ਜੁਨੀਅਰ ਨੈਨਸੀ ਮੈਥਿਉ ਐਲਿਉਟ ਸਨ। ਉਹਨਾਂ ਦਾ ਇਹ ਸੱਤਵਾਂ ਬੱਚਾ ਸੀ।ਬਚਪਨ ਵਿੱਚ ਐਡੀਸਨ ਨੂੰ ਘੱਟ ਸੁਣਨ ਦੀ ਸਮੱਸਿਆ ਸੀ।ਉਹ ਹੌਲੀ ਹੌਲੀ ਬੋਲਣਾ ਸਿੱਖਿਆ ਸੀ। ਉਸ ਸਮੇਂ ਸਕੂਲ ਬਹੁਤ ਘੱਟ ਹੋਇਆ ਕਰਦੇ ਸਨ।ਉਸ ਸਮੇਂ ਇੱਕ ਐਂਗਲ ਨਾਂ ਦਾ ਇੱਕ ਪਾਦਰੀ ਸਕੂਲ ਚਲਾਇਆ ਕਰਦਾ ਸੀ। ਇੱਕ ਵਾਰ ਥਾਮਸ ਐਡੀਸਨ ਨੇ ਅਧਿਆਪਕ ਨੂੰ ਪੁੱਛ ਲਿਆ, ‘‘ਗੁਰੂਤਾ ਆਕਰਸ਼ਨ ਦਾ ਨਿਯਮ ਕੀ ਹੈ?'' ਅਧਿਆਪਕ ਨੇ ਐਡੀਸਨ ਦੀ ਕੁੱਟਮਾਰ ਕਰਕੇ ਉਸ ਨੂੰ ਸਕੂਲੋਂ ਕੱਢ ਦਿੱਤਾ। ਆਖਰ ਮਾਂ ਨੇ ਐਡੀਸਨ ਨੂੰ ਖ਼ੁਦ ਪੜ੍ਹਾਉਣ ਲੱਗੀ। ਐਡੀਸ਼ਨ ਦੀ ਮਾਂ ਜਿੱਥੋਂ ਵੀ ਹੋ ਸਕਦਾ ਚਾਹੇ ਬਾਜ਼ਾਰ ਵਿੱਚੋਂ ਜੋ ਵੀ ਪੁਰਾਣੀਆਂ ਬਾਲ ਪੁਸਤਕਾਂ ਮਿਲਣੀਆਂ ਓਹੀ ਖਰੀਦ ਕੇ ਲੈ ਆਉਂਦੀ ਤੇ ਐਡੀਸ਼ਨ ਨੂੰ ਪੜਾਉਂਦੀ ।ਆਪਣੀ ਛੋਟੀ ਉਮਰ ਵਿੱਚ ਹੀ ਉਸ ਨੇ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਲਈਆਂ ਸਨ। ਘਰ ਦੇ ਕੋਨੇ ਵਿੱਚ ਕਮਰੇ ਵਿੱਚ ਹੀ ਐਡੀਸ਼ਨ ਨੇ ਇੱਕ ਪ੍ਰਯੋਗਸ਼ਾਲਾ ਬਣਾ ਲਈ । ਸੌ ਤੋਂ ਵੱਧ ਰਸਾਇਣਾਂ ਦੀਆਂ ਬੋਤਲਾਂ ਉਸ ਨੇ ਆਪਣੀ ਪ੍ਰਯੋਗਸ਼ਾਲਾ ਦੀਆਂ ਸੈਲਫਾਂ 'ਤੇ ਸਜਾ ਲਈਆਂ। ਅਜਿਹਾ ਉਹ ਪੰਜ ਸਾਲ ਕਰਦਾ ਰਿਹਾ ਪੰਜ ਸਾਲ ਦੇ ਅਨੁਭਵ ਤੋ ਬਾਅਦ ਉਸਨੇ ਬਹੁਤ ਡੂੰਘਾ ਗਿਆਨ ਪ੍ਰਾਪਤ ਕਰ ਲਿਆ ਸੀ।ਕੱਚ ਦੀਆਂ ਟਿਊਬਾਂ ਵਿੱਚੋਂ ਹੁੰਦੀਆਂ ਰਸਾਇਣਕ ਕਿਰਿਆਵਾਂ ਨੂੰ ਉਹ ਰੋਜ ਦੇਖਦਾ ਰਹਿੰਦਾ ਤੇ ਆਪਣੇ ਮਨ ਅੰਦਰ ਹੋਰ ਕਿਰਿਆਵਾਂ ਪੈਦਾ ਕਰਦਾ ਗਿਆ।ਸਮਾਂ ਪੈਣ ਤੇ ਐਡੀਸ਼ਨ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। 1860 ਵਿੱਚ ਉਹ ਅਮਰੀਕਾ ਦੇ ਸ਼ਹਿਰ ਹੁਰੋਂ ਤੋਂ ਡੇਟਰਾਇਟ ਲਈ ਇੱਕ ਸਵਾਰੀ ਗੱਡੀ ਵਿੱਚ ਅਖ਼ਬਾਰ, ਟਾਫੀਆਂ ਤੇ ਫਲ ਵੇਚਣ ਲੱਗਾ।ਉਸਨੇ ਓਥੇ ਹੀ ਉਸ ਨੇ ਗੱਡੀ ਦੇ ਇੰਜਣ ਦੇ ਨਾਲ ਲੱਗਦੇ ਡੱਬੇ ਵਿੱਚ ਜਿੱਥੇ ਧੂੰਆਂ ਜਿਆਦਾ ਹੁੰਦਾ ਸੀ ਵਿੱਚ ਆਪਣੀ ਪ੍ਰਯੋਗਸ਼ਾਲਾ ਬਣਾ ਲਈ। ਅਚਾਨਕ ਇੱਕ ਦਿਨ ਉਸ ਦੀ ਟਿਊਬ ਵਿੱਚੋਂ ਡਿੱਗੇ ਫਾਸਫੋਰਸ ਦਾ ਟੁਕੜਾ ਡਿੱਗ ਗਿਆ।ਇਸ ਟੁਕੜੇ ਨੇ ਅੱਗ ਫੜ ਲਈ। ਮੁਸਾਫਰਾਂ ਵਿਸਚ ਹਫੜਾ ਦਫੜੀ ਮੱਚ ਗਈ ਸੀ ਉਹਨਾਂ ਵੱਲੋਂ 'ਅੱਗ ਬੁਝਾਓ' ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਥੋੜ੍ਹੇ ਜਿਹੇ ਯਤਨਾਂ ਨਾਲ ਅੱਗ 'ਤੇ ਕਾਬੂ ਪਾ ਲਿਆ ਗਿਆ ।ਗਾਰਡ ਨੇ ਐਡੀਸ਼ਨ ਦੇ ਥੱਪੜ ਮਾਰਿਆਂ ਜਿਸ ਕਾਰਨ ਉਹ ਕੰਨਾਂ ਤੋਂ ਅਪਾਹਜ ਬਣ ਗਿਆ। ਕੁੱਝ ਸਮੇਂ ਬਾਅਦ ਕਮਾਈ ਕਰਨ ਤੋਂ ਬਾਅਦ ਉਸਨੇ ਹਿਰਾਲਡ' ਨਾਂ ਦਾ ਹਫ਼ਤਾਵਾਰੀ ਅਖਬਾਰ ਕੱਢਣਾ ਸ਼ੁਰੂ ਕੀਤਾ ਤੇ ਆਪ ਹੀ ਵੇਚਣਾ ਸ਼ੁਰੂ ਕਰ ਦਿੱਤਾ। ਇੱਕ ਵਾਰ ਅਖਬਾਰ ਵੇਚਦਿਆਂ ਸਮੇਂ ਇੱਕ ਘਟਨਾ ਵਾਪਰੀ । ਐਡੀਸਨ ਸਟੇਸ਼ਨ 'ਤੇ ਅਖ਼ਬਾਰ ਵੇਚ ਰਿਹਾ ਸੀ ਤੇ ਉਸ ਨੇ ਸਟੇਸ਼ਨ ਮਾਸਟਰ ਦੇ ਬੱਚੇ ਨੂੰ ਬਚਾ ਲਿਆ ਅਤੇ ਖ਼ੁਸ਼ ਹੋ



ਕਿ ਸਟੇਸ਼ਨ ਮਾਸਟਰ ਨੇ ਟੈਲੀਗ੍ਰਾਫ ਵਾਲੀ ਮਸ਼ੀਨ ਵਿਖਾ ਦਿੱਤੀ। ਇੱਕ ਵਾਰ ਐਡੀਸਨ ਨੇ ਆਪਣੇ ਇੱਕ ਦੋਸਤ ਦੇ ਘਰ ਦਾ ਸਬੰਧ, ਸਟੋਵ ਦੀ ਫਾਲਤੂ ਤਾਰ ਨਾਲ ਹੀ ਜੋੜ ਲਿਆ। ਉਹਨਾਂ ਨੇ ਟੈਲੀਗ੍ਰਾਫ ਦੀ ਵਰਤੋਂ ਵਿੱਚ ਆਉਣ ਵਾਲੀਆਂ ਕੁੰਜੀਆਂ ਵੀ ਖ਼ੁਦ ਹੀ ਕਬਾੜ ਦੇ ਸਾਮਾਨ ਤੋਂ ਬਣਾ ਲਈਆਂ। ਦੋਵੇਂ ਦੋਸਤ ਘੰਟਿਆਂ ਬੱਧੀ ਇੱਕ-ਦੂਜੇ ਨੂੰ ਟੈਲੀਗ੍ਰਾਫ ਰਾਹੀਂ ਸੁਨੇਹੇ ਭੇਜਣ 'ਚ ਲੱਗੇ ਰਹਿੰਦੇ। 1877-78 ਵਿੱਚ ਐਡੀਸਨ ਨੇ ਕਾਰਬਨ ਮਾਈਕਰੋਫੋਨ ਜੋ ਸਾਰੇ ਟੈਲੀਫੋਨ 'ਚ ਘੰਟੀ ਨਾਲ ਹੁੰਦਾ ਹੈ ਦੀ ਵਰਤੋਂ ਹੁੰਦੀ ਹੈ, ਦੀ ਖੋਜ ਅਤੇ ਸੁਧਾਰ ਕੀਤੀ। ਐਡੀਸਨ 16 ਸਾਲਾਂ ਦੀ ਉਮਰ ਵਿੱਚ ਟੈਲੀਗ੍ਰਾਫਰ ਦੇ ਤੌਰ 'ਤੇ ਰੇਲਵੇ ਮਹਿਕਮੇ ਵਿੱਚ ਭਰਤੀ ਹੋ ਗਿਆ। ਉਸ ਨੇ ਰੇਲਵੇ ਦੇ ਕਲਾਕ ਦੀ ਵੱਡੀ ਸੂਈ ਦਾ ਸਬੰਧ ਟੈਲੀਗ੍ਰਾਫ ਨਾਲ ਜੋੜ ਦਿੱਤਾ। ਜਦੋਂ ਕਲਾਕ ਦੀ ਵੱਡੀ ਸੂਈ 12 ਦੇ ਨਿਸ਼ਾਨ 'ਤੇ ਪੁੱਜ ਜਾਂਦੀ ਤਾਂ ਘੰਟੀ ਮਾਰਨ ਵਾਲੀ ਮਸ਼ੀਨ ਦਾ ਬਟਨ ਆਪਣੇ ਆਪ ਔਨ ਹੋ ਜਾਂਦਾ ਸੀ ਤੇ ਸਾਰੇ ਸਟੇਸ਼ਨਾਂ 'ਤੇ ਇੱਕੋ ਸਮੇਂ ਘੰਟੀ ਆਪਣੇ ਆਪ ਵੱਜ ਜਾਂਦੀ।

ਉਸ ਤੋਂ ਬਾਅਦ ਉਸ ਨੇ 1868 ਵਿੱਚ ਆਪਣੀ ਖੋਜ ਦਾ ਪਹਿਲਾ ਪੇਟੈਂਟ ਕਰਵਾਇਆ। ਦੁਨੀਆ ਵਿੱਚ ਸਭ ਤੋਂ ਵੱਧ ਖੋਜਾਂ ਦੇ ਪੇਟੈਂਟ ਉਸ ਦੇ ਹੀ ਨਾਂ ਹੋਏ। ਉਸ ਨੇ ਆਪਣੀ ਪੂਰੀ ਜ਼ਿੰਦਗੀ ਵਿੱਚ 1093 ਖੋਜਾਂ ਦੇ ਪੇਟੈਂਟ ਕਰਵਾਏ। ਐਡੀਸਨ ਨੇ ਪਲੈਟੀਨਮ ਅਤੇ ਹੋਰ ਧਾਂਤਾਂ ਦੇ ਫਿਲਾਮੈਂਟ ਬਣਾਉਣ ਦੇ ਤਜਰਬੇ ਕੀਤੇ ਅਖੀਰ 'ਚ ਕਾਰਬਨ ਫਿਲਾਮੈਂਟ ਦੀ ਵਰਤੋਂ ਕੀਤੀ ਗਈ। ਉਸ ਦਾ ਪਹਿਲਾ ਤਜਰਬਾ 22 ਅਕਤੂਬਰ, 1879 ਨੂੰ ਕੀਤਾ ਜੋ 13.5 ਘੰਟੇ ਚੱਲਿਆ। 4 ਨਵੰਬਰ, 1879 ਨੂੰ ਉਸ ਨੇ ਅਮਰੀਕਾ ਵਿੱਚ ਬਿਲਜੀ ਬੱਲਬ ਪੇਟੈਂਟ ਕਰਵਾਇਆ। ਐਡੀਸਨ ਪਹਿਲਾ ਸਫਲਤਾ ਪੂਰਵਕ ਬੱਲਬ ਜੋ ਲੋਕਾ ਨੂੰ ਦਸੰਬਰ 1879 ਵਿੱਚ ਮੈਨਲੋ ਪਾਰਕ 'ਚ ਪਰਦਰਸ਼ਨ ਕੀਤਾ ਗਿਆ। 1904 ਵਿਚ, ਯੂ. ਐਸ. ਪੇਟੈਂਟ ਆਫਿਸ ਨੇ ਇਸ ਦੇ ਫੈਸਲੇ ਦਾ ਉਲਟਾ ਬਦਲ ਦਿੱਤਾ, ਮਾਰਕੋਨੀ ਨੂੰ ਰੇਡੀਓ ਦੀ ਖੋਜ ਲਈ ਇੱਕ ਪੇਟੈਂਟ ਅਵਾਰਡ ਦਿੱਤਾ, ਜੋ ਸ਼ਾਇਦ ਅਮਰੀਕਾ ਵਿੱਚ ਮਾਰਕੋਨੀ ਦੇ ਵਿੱਤੀ ਸਹਿਯੋਗੀਆਂ ਦੁਆਰਾ ਪ੍ਰਭਾਵਿਤ ਸੀ, ਜਿਸ ਵਿੱਚ ਥਾਮਸ ਐਡੀਸਨ ਅਤੇ ਐਡਰਿਊ ਕਾਰਨੇਗੀ ਸਾਮਿਲ ਸਨ ।

19 ਮਈ 1926 ਈ. ਨੂੰ ਥੋਮਸ ਅਲਵਾ ਐਡੀਸ਼ਨ ਨੇ ਅਟਲਾਂਟਿਕ ਸ਼ਹਿਰ ਨਿਊ ਜਰਸੀ ਵਿੱਚ ਰੇਡੀਓ ਤੋਂ ਬੋਲਣ ਦਾ ਪਹਿਲੀ ਵਾਰ ਤਜਰਬਾ ਕੀਤਾ ।

ਫਿਰ ਐਡੀਸ਼ਨ ਨੇ ਯ-ਰੇਅ ਦੀ ਵਰਤੋਂ ਵਾਲੀ ਮਸ਼ੀਨ ਤਿਆਰ ਕੀਤੇ ਜਿਸ ਵਿੱਚ ਫਲੋਰੋਸਕੋਟ ਦੀ ਵਰਤੋਂ ਹੁੰਦੀ ਸੀ। ਬੱਲਬ ਦੀ 75ਵੀਂ ਬਰਸੀ ਨੂੰ ਸਮਰਪਤ ਕੈਲੀਫੋਰਨੀਆ ਨੇ ਝੀਲ ਦਾ ਨਾਮ ਥੋਮਸ ਅਲਵਾ ਐਡੀਸਨ ਰੱਖਿਆ। 1931 ਵਿੱਚ ਨਿਉਯਾਰਕ ਸ਼ਹਿਰ ਦੇ ਹੋਟਲ ਨੇ ਆਪਣਾ ਨਾਮ ਹੋਟਲ ਐਡੀਸਨ ਰੱਖਿਆ। ਐਡੀਸਨ ਦੇ ਨਾਮ ਤੇ ਤਿੰਨ ਪੁੱਲਾਂ ਦਾ ਨਾਮ ਵੀ ਅਮਰੀਕਾ 'ਚ ਰੱਖਿਆ ਗਿਆ ਹੈ।ਅਸਮਾਨ 'ਚ ਵੀ ਇੱਕ ਉਲਕਾ ਦਾ ਨਾਮ 742 ਐਡੀਸੋਨਾ ਰੱਖਿਆ ਗਿਆ ਹੈ। ਸਭ ਤੋਂ ਮਹਾਨ ਖੋਜਕਰਤਾ ਐਡੀਸ਼ਨ ਦੀ ਮੌਤ 18 ਅਕਤੂਬਰ 1931 ਨੂੰ (84 ਸਾਲ ਦੀ ਉਮਰ ਵਿੱਚ ) ਹੋਈ।

# ਮੈਂ ਤੇ ਮੇਰਾ ਸਾਇਕਲ

ਜਗਨ ਉੱਗੋਕੇ ਧਾਲੀਵਾਲ, 91-99155-98209

ਇਹ ਮੇਰਾ ਸਾਇਕਲ ਉਸ ਵਕਤ ਲਿਆ ਸੀ ਜਦੋਂ ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਹੁੰਦਾ ਸੀ। ਨਵਾ ਨਹੀਂ ਬੱਸ ਚਲਦਾ ਹੀ ਲਿਆ ਸੀ। ਇਹ ਸਾਈਕਲ ਤੇ ਮੈਂ ਪੜਨ ਵੀ ਜਾਂਦਾ ਰਿਹਾ ਹਾਂ ਉਸ ਵਕਤ ਵੀ ਸਾਇਕਲ ਦਾ ਬਹੁਤ ਜ਼ਿਆਦਾ ਸ਼ੌਕ ਸੀ। ਹਰ ਰੋਜ਼ ਦਿਨ ਚ ਦੋ ਤਿੰਨ ਵਾਰ ਕੱਪੜਾ ਮਾਰਨਾਂ ਜਦੋਂ ਕਿਤੇ ਵੀ ਜਾਣਾਂ ਦੂਰ ਨੇੜੇ ਤਾਂ ਵੀ ਸਾਇਕਲ ਤੇ ਹੀ ਜਾਣਾਂ ਸਮਾਂ ਲੰਘਦਾ ਗਿਆ ਪੜਦਾ ਰਿਹਾ ਆਪਾਂ ਸਭ ਨੂੰ ਹੀ ਪਤਾ ਹੈ ਕਿ ਸਾਇਕਲ ਚਲਾਉਣਾ ਸੇਹਤ ਲਈ ਇਕ ਬਹੁਤ ਵਧੀਆ ਖੁਰਾਕ ਹੈ ਦਵਾਈ ਹੈ। ਸਾਈਕਲ ਦਾ ਅੱਜ ਵੀ ਉਨ੍ਹਾਂ ਹੀ ਸ਼ੌਕ ਹੈ। ਅੱਜ ਵੀ ਇਸ ਸਾਈਕਲ ਦਾ ਮੈਂ ਆਪਣੇ ਆਪ ਤੋਂ ਵੱਧ ਖਿਆਲ ਰੱਖਦਾਂ ਹਾਂ।

ਹਰ ਇੱਕ ਇੰਨਸਾਨ ਦੀ ਆਪਣੀ ਆਪਣੀ ਸੋਚ ਹੁੰਦੀ ਹੈ। ਕੋਈ ਵੀ ਇੰਨਸਾਨ ਮਾੜਾ ਨਹੀਂ ਹੁੰਦਾ ਹੈ। ਆਪਣੀਂ ਆਪਣੀਂ ਥਾਂ ਤੇ ਹਰ ਇੱਕ ਸਹੀ ਹੁੰਦਾ ਹੈ। ਇਸ ਕਰਕੇ ਮੈਨੂੰ ਕਈ ਇੰਨਸਾਨਾ ਨੇਂ ਕਿਹਾ ਵੀ ਹੈ ਕਿ ਤੂੰ ਜਿੰਦਗੀ ਚ ਕਦੇ ਵੀ ਸਾਈਕਲ ਤੋਂ ਅੱਗੇ ਨਹੀਂ ਵਧਿਆ ਤੇ ਨਾਂ ਹੀ ਤੂੰ ਵੱਧ ਸਕਦਾਂ। ਪਰ ਮੈਨੂੰ ਇਸ ਗੱਲ ਕੋਈ ਇਤਰਾਜ਼ ਨਹੀਂ ਕੋਈ ਗੁੱਸਾ ਨਹੀਂ ਆਉਂਦਾ ਮੈਨੂੰ ਇਹ ਸੁਣ ਕੇ ਖੁਸ਼ੀ ਹੁੰਦੀ ਹੈ, ਖੁਸ਼ੀ ਇਸ ਤਰ੍ਹਾਂ ਹੁੰਦੀ ਹੈ ਵੀ ਚਲੋਂ ਅਗਲਾ ਆਪਣੀ ਤਰੱਕੀ ਚਹੁੰਦਾ ਹੈ। ਪਰ ਹੁਣ ਜੋਂ ਮੇਰੇ ਦਿਮਾਗ ਚ ਗੱਲਾਂ ਬਾਤਾਂ ਨੇਂ ਕਿਤਾਬਾਂ ਚ ਵੀ ਪੜ੍ਹਿਆ ਹੈ। ਸਾਈਕਲ ਚਲਾਉਣ ਨਾਲ ਸਿਹਤ ਤੰਦਰੁਸਤ ਰਹਿੰਦੀ ਹੈ ਸਾਈਕਲ ਚਲਾਉਣ ਨਾਲ ਦਿਲ, ਦਿਮਾਗ, ਬਿਲਕੁਲ ਹੀ ਸਹੀ ਰਹਿੰਦਾ ਹੈ ਕੋਈ ਪ੍ਰੌਬਲਮ ਨਹੀਂ ਆਉਂਦੀ ਬਾਕੀ ਬਲੱਡ ਪਰੈਸ਼ਰ ਬਿਲਕੁਲ ਸਹੀ ਰਹਿੰਦਾ ਹੈ।

ਸਾਰੇ ਦਾ ਸਾਰਾ ਸਰੀਰ ਹੀ ਬਿਲਕੁਲ ਸਹੀ ਰਹਿੰਦਾ ਹੈ।ਇਹ ਵੀ ਨਹੀਂ ਪਤਾ ਲੱਗਿਆ ਮੈਨੂੰ ਤਾਂ ਅਜੇ ਤੱਕ ਵੀ ਡਾਕਟਰ ਕੀਹਨੂੰ ਕਹਿੰਦੇ ਨੇ ਇਸ ਕਰਕੇ ਮੈਂ ਨਹੀਂ ਜ਼ਿਆਦਾ ਸੋਚਿਆ ਕਦੇ ਵੀ ਦੂਰ ਚਾਹੇ ਨੇੜੇ ਚਾਹੇਂ ਕੋਈ ਰਿਸ਼ਤੇਦਾਰੀ ਆ ਸਾਈਕਲਾਂ ਤੇ ਹੀ ਚਲਾ ਜਾਂਦਾ ਹਾਂ ਜਦੋਂ ਕਿਤੇ ਮਨ ਚ ਆ ਜਾਵੇ ਵੀ ਚਲ ਫਲਾਣੇ ਨੂੰ ਮਿਲ ਕੇ ਆਉਣਾ ਉਸੀ ਵਕਤ ਬੱਸ ਤੁਰ ਈ ਪੈਣਾ ਕੋਈ ਕਿਤੇ ਕੱਪੜਿਆਂ ਵੱਲ ਧਿਆਨ ਨਹੀਂ ਗਿਆ ਮੇਰਾ ਵੀ ਕੱਪੜੇ ਬਦਲ ਕੇ ਚੱਲਾਂਗੇ ਬੱਸ ਧਿਆਨ ਹੀ ਨਹੀਂ ਗਿਆ ਕਦੇ ਇੰਨਾ ਗੱਲਾਂਬਾਤਾਂ ਚ ਮੈਂ ਤਾਂ ਹੁਣ ਹੈ ਈ ਇਸ ਤਰ੍ਹਾਂ ਪਹਿਲਾਂ ਆਪਣੇ ਬੱਚਪਨ ਤੋਂ ਹੀ ਸੁਭਾਅ ਪਿਆ ਹੋਇਆ ਹੈ। ਇੱਕ ਵਾਰ ਮੇਰਾ ਬੈਠੇ ਬੈਠੇ ਦਾ ਵਿਚਾਰ ਬਣ ਗਿਆ ਵੀ ਚਲ ਭੂਆ ਕੋਲੇ ਚਲਦੇ ਹਾਂ। ਕੁਸ ਨਹੀਂ ਸੋਚਿਆ ਉਸੀ ਵਕਤ ਤੁਰ ਪਿਆ ਮੈਂ ਰਾਹ ਮੈਨੂੰ ਕੋਈ ਸਾਡੇ ਪਿੰਡ ਦਾ ਬੰਦਾ ਮਿਲਿਆ ਮੇਰੇ ਚਾਚੇ ਦੀ ਥਾ ਲੱਗਦਾ ਉਹ ਮੈਨੂੰ ਕਹਿੰਦਾ ਵੀ ਤੂੰ ਜਗਨੇ ਕਿੱਧਰ ਨੂੰ ਜਾਨਾਂ ਜਿਵੇਂ ਆਪਾਂ ਆਮ ਹੀ ਪੁੱਛ ਲੈਂਦੇ ਹਾਂ ਇੱਕ ਦੂਸਰੇ ਨੂੰ ਮੈਂ ਉਸਨੂੰ ਕਿਹਾ ਵੀ ਚਾਚਾ ਜੀ ਮੈਂ ਆਵਦੀ ਭੂਆ ਕੋਲੇ ਜਾ ਕੇ ਆਉਣਾ ਕਹਿੰਦਾ ਸਾਈਕਲ ਤੇ ਮੈਂ ਕਿਹਾ ਹਾਂ ਕਹਿੰਦਾ ਪਤੰਦਰਾ ਕੋਈ ਸ਼ਰਮ ਮੰਨ ਮਾੜੀ ਮੋਟੀ ਤੂੰ ਰਿਸ਼ਤੇਦਾਰੀ ਚ ਜਾਣਾਂ ਤਾਂ ਤੂੰ ਵਧੀਆ ਕੱਪੜਾ ਲੀੜਾ ਪਾ ਕੇ ਜਾਹ ਮੋਟਸਾਈਕਲ ਤੇ ਜਾਹ ਨਹੀ ਬੱਸ ਤੇ ਜਾਹ ਮੈਂ ਕਿਹਾ ਨਹੀਂ ਮੈਂ ਤਾ ਆਈ ਜਾਊਗਾ ਬੱਸ ਫਿਰ ਉਹ ਮੈਨੂੰ ਕਹਿੰਦਾ ਨੰਬਰ ਬਣਾਉਣੇ ਚਾਹੀਦੇ ਨੇ ਆਵਦੇ ਪੂਰੇ ਫੁੱਲ ਕਹਿੰਦਾ ਅੱਜ ਕੱਲ੍ਹ ਫੇਰ ਈ ਰਿਸ਼ਤਾ ਹੁੰਦਾ ਅਗਲਾ ਕਹਿੰਦਾ ਮੁੰਡਾ ਸੋਹਣਾ ਨਾਲ ਦੀ ਨਾਲ ਈ ਰਿਸ਼ਤਾ ਹੋ ਜਾਂਦਾ ਜਿਹੜੇ ਹਿਸਾਬ ਨਾਲ ਤੂੰ ਰਿਸ਼ਤੇਦਾਰੀ ਚ ਜਾਨਾਂ ਤੈਨੂੰ ਕਿਸੇ ਨੇਂ ਕੁੜੀ ਨਹੀਂ ਤੋਰਨੀ ਤੈਨੂੰ ਮੈਂ ਦੱਸਾ ਗੱਲ ਕਹਿੰਦਾ ਅੱਜ ਕੱਲ੍ਹ ਦੀਆਂ ਕੁੜੀਆਂ ਤਾ ਸੋਹਣੇ ਮੁੰਡੇ ਭਾਲਦੀਆ ਚੰਗੀ ਟੌਹਰ ਸੌਕੀਨੀ ਵਾਲੇ ਅੱਜ ਕੱਲ੍ਹ ਚਲੋ ਮੈਨੂੰ ਕਈ ਗੱਲਾਂ ਬਾਤਾਂ ਕਹੀਆ ਮੈਂ ਕਦੇ ਵੀ ਕਿਸੇ ਦਾ ਗ਼ੁੱਸਾ ਬਿਲਕੁਲ ਹੀ ਨਹੀਂ ਕਰਦਾ ਬੇਸ਼ੱਕ ਮੈਨੂੰ ਕੋਈ ਜੋਂ ਮਰਜੀ ਕਹੀ ਜਾਵੇ ਮੈਨੂੰ ਗੁੱਸਾ ਬਿਲਕੁਲ ਨਹੀਂ ਆਉਂਦਾ ਮੈਂ ਇਹੀ ਸੋਚਦਾ ਹਾਂ ਕਿ ਚਲੋ ਕੋਈ ਵੀ ਇੰਨਸਾਨ ਹੋਵੇ ਹਰੇਕ ਇਨਸਾਨ ਹੀ ਆਪਣੀ ਸੋਚ ਮੁਤਾਬਕ ਗੱਲ ਕਰਦਾ ਕਿਉਂਕਿ ਮੈਂ ਆਪ ਆਪਣੀ ਸੋਚ ਤੇ ਅਜ਼ਾਦ ਹਾ ਜਿਵੇਂ ਮੈਨੂੰ ਚੰਗਾ ਲੱਗਦਾ ਉਸੇ ਤਰ੍ਹਾਂ ਹੀ ਮੈਂ ਆਪਣੀ ਜ਼ਿੰਦਗੀ ਦਾ ਸਫਰ ਤੈਅ ਕਰਦਾਂ ਹਾਂ ਜਿਵੇਂ ਆਪਣਾਂ ਮਨ ਖੁਸ਼ ਹੋਵੇ ਕਿਉਂਕਿ ਮਨ ਦੀ ਖੁਸ਼ੀ ਕਦੇ ਮੁੱਲ ਨਹੀਂ ਖਰੀਦੀ ਜਾ ਸਕਦੀ ਬਿਲਕੁਲ ਵੀ। ਚਲੋ ਮੈਂ ਉਸਨੂੰ ਕਿਹਾ ਕਿ ਠੀਕ ਐ ਚਾਚਾ ਜੀ ਮੈਨੂੰ ਤੁਹਾਡੀਆਂ ਗੱਲਾਂ ਦਾ ਕੋਈ ਵੀ ਗੁੱਸਾ ਨਹੀਂ ਪਰ ਹੁਣ ਤੁਸੀਂ ਮੇਰੀ ਗੱਲ ਸੁਣੋਂ ਕਹਿੰਦਾ ਨਹੀ ਯਾਰ ਹੁਣ ਤਾਂ ਤੇਜੀ ਐਂ, ਮੈਂ ਤਾਂ ਜਾਨਾ ਕਦੇ ਫੇਰ ਸੁਣਾਂਗੇ ਮੈਂ ਕਿਹਾ ਨਹੀਂ ਤੂੰ ਸੁਣ ਤਾਂ ਸਹੀ ਇੱਕ ਮਿੰਟ ਕਹਿੰਦਾ ਨਹੀਂ ਫੇਰ ਸਹੀ ਕਦੇ ਉਹ ਇੱਧਰ ਪਿੰਡ ਵੱਲ ਆ ਗਿਆ ਤੇ ਮੈਂ ਅੱਗੇ ਆਪਣੀ ਮੰਜ਼ਿਲ ਵੱਲ ਨੂੰ ਤੁਰ ਪਿਆ ਚਲੋ ਮੈਂ ਆਪਣੀ ਭੂਆ ਕੋਲੇ ਗਿਆ ਬਹੁਤ ਵਧੀਆ ਚਾਅ ਕੀਤਾ ਤੇ ਮੈਨੂੰ ਉਹ ਸਾਰਾ ਪਰਿਵਾਰ ਹੀ ਮੇਰੀ ਸੋਚ ਨੂੰ ਸਮਝਦਾਂ ਬਾਕੀ ਮੈਂ ਪਹਿਲਾਂ ਤੋਂ ਆਉਂਦਾ ਜਾਂਦਾ ਹਾਂ ਉਨ੍ਹਾਂ ਕੋਲ ਇਸ ਕਰਕੇ ਮੈਨੂੰ ਉਹ ਸਮਝਦੇ ਨੇ ਮੇਰੀ ਭੂਆ ਦੇ ਦੋ ਮੁੰਡੇ ਨੇ ਮੇਰੀ ਦੋਵਾ ਨਾਲ ਹੀ ਬਹੁਤ ਵਧੀਆ ਬਣਦੀ ਹੈ। ਪਰ ਜਿਹੜਾ ਮੇਰੀ ਭੂਆਂ ਦਾ ਵੱਡਾ ਮੁੰਡਾ ਗੁਰਬਿੰਦਰ ਉਸ ਨਾਲ ਮੇਰੀ ਸੋਚ ਸੇਮ ਹੀ ਮਿਲਦੀ ਸੀ ਸਾਡੀ ਦੋਹਾਂ ਦੀ ਸੋਚ ਬਿਲਕੁਲ ਇੱਕ ਹੀ ਸੀ ਇਸ ਕਰਕੇ ਸਾਨੂੰ ਦੋਵਾਂ ਨੂੰ ਇੱਕ ਦੂਸਰੇ ਨੂੰ ਕੁਸ ਦੱਸਣ ਪੁੱਛਣ ਦੀ ਜ਼ਰੂਰਤ ਨਹੀਂ ਪੈਂਦੀ ਸੀ ਤੇ ਇੱਕ ਦੂਸਰੇ ਨੂੰ ਇਸੇ ਤਰ੍ਹਾਂ ਬਗੈਰ ਬੋਲੇ ਤੋਂ ਹੀ ਸਮਝ ਲੈਂਦੇ ਸੀ। ਉਸਦਾ ਇੱਕ ਸ਼ੌਕ ਸੀ ਉਸ ਕੋਲ ਕਾਪੀ ਹੁੰਦੀ ਛੋਟੀ ਜਿਹੀ ਉਸ ਤੇ ਕੁਸ ਨਾ ਕੁਸ਼ ਉਹ ਬੱਸ ਲਿਖਦਾ ਹੀ ਰਹਿੰਦਾ ਕਦੇ ਕੋਈ ਸ਼ੇਅਰ ਲਿਖਤਾਂ ਕਦੇ ਕੋਈ ਕਵਿਤਾ ਲਿਖਤੀ ਬੱਸ ਸਾਰਾ ਦਿਨ ਚੁੱਪ ਚਾਪ ਹੀ ਰਹਿੰਦਾ ਤੇ ਜਦੋਂ ਕੁਸ ਦਿਮਾਗ ਚ ਆ ਜਾਂਦਾ ਤਾ ਨਾਲ ਦੀ ਨਾਲ ਲਿਖ ਲੈਂਦਾ ਛੋਟੀ ਜਿਹੀ ਡਾਇਰੀ ਤੇ ਪਿੰਨ ਜ਼ੇਬ ਚ ਹੀ ਰੱਖਦਾਂ ਸੀ। ਇਸ ਕਰਕੇ ਕੋਈ ਵੀ ਉਸ ਦੇ ਦਿਲ ਚ ਗੱਲ ਹੁੰਦੀ ਤਾਂ ਉਹ ਮੈਨੂੰ ਦੱਸ ਦਿੰਦਾ ਜੇ ਮੇਰੇ ਦਿਲ 'ਚ ਕੋਈ ਗੱਲ ਹੁੰਦੀ ਤਾਂ ਮੈਂ ਉਸਨੂੰ ਦੱਸ ਦਿੰਦਾ ਇਸ ਕਰਕੇ ਸਾਡੀ ਦੋਵਾਂ ਦੀ ਬਹੁਤ ਹੀ ਵਧੀਆ ਬਣਦੀ ਸੀ।

ਉਸਦੀ ਡੈਥ ਹੋ ਗਈ ਸੀ ਛੇ ਸੱਤ ਸਾਲ ਪਹਿਲਾਂ ਤੇ ਮੈਨੂੰ ਅੱਜ ਵੀ ਨਹੀਂ ਭੁੱਲਦਾ ਕਿਉਂਕਿ ਜ਼ਿੰਦਗੀ ਚ ਛੇਤੀਂ ਕਿਸੇ ਇੰਨਸਾਨ ਨਾਲ ਸੋਚ ਨਹੀਂ ਮਿਲਦੀ ਜੀਹਦੇ ਨਾਲ ਆਪਾਂ ਆਪਣੇ ਦਿਲ ਦੀਆਂ ਗੱਲਾਂ ਬਾਤਾਂ ਕਰ ਲੈਂਦੇ ਹਾਂ।ਉਹੀ ਇੱਕ ਦੁਨੀਆਂ ਚ ਪਹਿਲਾਂ ਬੰਦਾਂ ਸੀ ਜੀਹਦੇ ਨਾਲ ਮੇਰੀ ਸੋਚ ਮਿਲੀ ਸੀ ਉਸ ਤੋਂ ਬਾਅਦ ਅਜ਼ੇ ਕਿਸੇ ਨਾਲ ਵੀ ਮੇਰੀ ਸੋਚ ਵਿਚਾਰ ਨਹੀਂ ਮਿਲੇ ਤੇ ਨਾਂ ਹੀ ਮੈਂ ਕਦੇ ਵੀ ਕਿਸੇ ਨਾਲ ਆਪਣੇ ਦਿਲ ਦੀ ਕੋਈ ਵੀ ਗੱਲ ਸ਼ੇਅਰ ਕੀਤੀ ਹੈ।

ਬਾਕੀ ਮੈਂ ਰਿਹਾਂ ਹੀ ਪਹਿਲੇ ਦਿਨ ਤੋਂ ਇਕੱਲਾ ਜਿਹਾਂ ਹਾਂ। ਬੋਲ ਕੇ ਵੀ ਬਹੁਤ ਘੱਟ ਈ ਖੁਸ਼ ਹਾਂ। ਜਿਥੇ ਵੀ ਕੋਈ ਗੱਲ ਸੁਣ ਲਵਾਂ ਉਥੇ ਹੀ ਛੱਡ ਦਿੰਦਾਂ ਹਾਂ। ਮੈਂ ਆਪ ਕਿਸੇ ਨਾਲ ਕੋਈ ਗੱਲ ਕਰਦਾ ਨਹੀਂ ਹੋਰ ਤਾਂ ਹੋਰ ਮੈਨੂੰ ਤਾਂ ਜੇਕਰ ਕਦੇ ਕੋਈ ਸੁਪਨਾ ਵੀ ਆ ਜਾਵੇ ਉਹ ਵੀ ਨਹੀਂ ਕਿਤੇ ਸ਼ੇਅਰ ਕੀਤਾਂ ਕਿਸੇ ਨਾਲ ਵੀ ਚਲੋਂ ਛੱਡੋ। ਮੈਂ ਆਪਣੀ ਭੂਆ ਕੋਲੋਂ ਤਿੰਨ ਕੁ ਦਿਨਾਂ ਬਾਅਦ ਮੁੜ ਕੇ ਪਿੰਡ ਆ ਗਿਆ ਤੇ ਆਉਂਦੇ ਨੂੰ ਚਾਚਾ ਸੱਥ ਚ ਬੈਠਾਂ ਆਪਣੇ ਘਰ ਕੋਲ ਸੱਥ ਹੈ।

ਚਾਚਾ ਕਹਿੰਦਾ ਕਿਉਂ ਜਗਨੇ ਕੀ ਹਾਲ ਚਾਲ ਐ ਮਿਲਿਆ ਆਇਆਂ ਭੂਆਂ ਨੂੰ ਮੈਂ ਕਿਹਾ ਹਾ ਜੀ ਚਾਚਾ ਜੀ ਫਿਰ ਮੈਂ ਵੀ ਲਾ ਕੇ ਸਾਈਕਲ ਦਾ ਸਟੈਂਡ ਬੈਠ ਗਿਆ ਚਾਚੇ ਕੋਲ ਤੇ ਕਿਹਾ ਚਾਚਾ ਜੀ ਮੈਂ ਉਸ ਦਿਨ ਤੁਹਾਡੇ ਨਾਲ ਬਹੁਤ ਜ਼ਰੂਰੀ ਗੱਲ ਕਰਨੀ ਸੀ। ਕਹਿੰਦਾ ਮੈਨੂੰ ਜਗਨੇ ਬਹੁਤ ਹੀ ਜ਼ਿਆਦਾ ਤੇਜ਼ੀ ਸੀ ਉਸ ਦਿਨ ਫੇਰ ਮੈਂ ਹਸਦੇ ਹਸਦੇ ਨੇ ਕਿਹਾ ਹੁਣ ਤਾ ਨਹੀਂ ਤੇਜੀ ਕਹਿੰਦਾ ਹੁਣ ਨਹੀਂ ਹੁਣ ਤਾ ਤੇਰੇ ਕੋ.ਲੇ ਹੀ ਹਾਂ। ਫਿਰ ਅਸੀ ਦੋਵਾ ਨੇ ਕਾਫੀ ਗੱਲਾਂ ਬਾਤਾਂ ਕੀਤੀਆਂ ਤੇ ਮੈਂ ਕਿਹਾ ਚਾਚਾ ਜੀ ਦੇਖੋਂ ਹੁਣ ਤੁਸੀਂ ਸੱਥ ਚ ਬੈਠੇ ਉ ਸਾਦੇ ਪਹਿਰਾਵੇਂ ਚ ਤੁਹਾਨੂੰ ਸਾਰੇ ਈ ਜਾਣਦੇ ਨੇ ਕਿ ਇਹ ਮੁੰਡਾ ਕੀਹਦਾ ਤੇ ਕਿਵੇਂ ਦਾ ਇੰਨਸਾਨ ਹੈਂ। ਕਹਿੰਦਾ ਹਾਂ ਫਿਰ ਮੈਂ ਕਿਹਾ ਕਿ ਜੇਕਰ ਤੁਸੀਂ ਏਥੇ ਚੰਗੀ ਸ਼ੌਕੀਨੀ ਲਾ ਕੇ ਬੈਠੋਗੇ ਤਾਂ ਵੀ ਤੁਹਾਡੀ ਉਸੇ ਤਰ੍ਹਾਂ ਹੀ ਪਹਿਚਾਣ ਰਹੇਂਗੀ ਕਹਿੰਦਾ ਹਾਂ ਸਹੀ ਹੈ ਫਿਰ ਮੈਂ ਕਿ ਚਾਚਾ ਜੀ ਤੁਸੀਂ ਹੁਣ ਮੋਟਰਸਾਈਕਲ ਤੇ ਸਫਰ ਕਰਦੇ ਉ ਤਾਂ ਵੀ ਤੁਹਾਡੀ ਉਹੀ ਪਛਾਣ ਹੈ ਜੇਕਰ ਤੁਸੀਂ ਹੁਣ ਮੋਟਰਸਾਈਕਲ ਛੱਡ ਕੇ ਨਵੀ ਕਾਰ ਤੇ ਸ਼ੌਕੀਨੀ ਲਾ ਕੇ ਸਫ਼ਰ ਤੈਅ ਕਰੋਂ ਗੇ ਤਾਂ ਵੀ ਤੁਹਾਡੀ ਉਹੀ ਪਹਿਚਾਣ ਰਹੇਂਗੀ ਪਹਿਚਾਣ ਤਾ ਤੁਹਾਡੀ ਉਹੀ ਰਹੇਗੀ।

ਬੇਸ਼ੱਕ ਤੁਸੀਂ ਜਹਾਜ਼ ਤੇ ਸਫ਼ਰ ਤੈਅ ਕਰ ਲਵੋ। ਪਹਿਚਾਣ ਨਹੀਂ ਕਿਸੇ ਵੀ ਇੰਨਸਾਨ ਦੀ ਬਦਲ ਸਕਦੀ ਚਾਚਾ ਜੀ ਕਹਿੰਦੇ ਹਾਂ ਜਗਨ ਬਿਲਕੁਲ ਸਹੀ ਕਿਹਾ ਤੂੰ ਬੰਦੇ ਦਾ ਤਾ ਉਈ ਪਤਾ ਲੱਗ ਜਾਂਦਾ ਹੈ ਕਿ ਕੌਂਣ ਕਿੰਨੇ ਕੁ ਪਾਣੀ 'ਚ ਹੈ। ਦਿਖਾਵੇ ਦੀ ਤਾ ਲੋੜ ਈ ਨਹੀਂ ਪੈਂਦੀ। ਇਸ ਕਰਕੇ ਹਮੇਸ਼ਾ ਹੀ ਆਪਣੀ ਸੋਚ ਤੇ ਅਜ਼ਾਦ ਹੋ ਕੇ ਜ਼ਿੰਦਗੀ ਬਤੀਤ ਕਰਨੀ ਚਾਹੀਦੀ ਹੈ ਜਿਵੇਂ ਮਨ ਖੁਸ਼ ਹੋਵੇ ਕਰੋਂ ਕਿਉਂਕਿ ਮਨ ਦੀ ਖੁਸ਼ੀ ਕਦੇ ਵੀ ਮੁੱਲ ਨਹੀਂ ਖਰੀਦੀ ਜਾ ਸਕਦੀ ਪਰ ਸੋਚ ਹਰ ਇੱਕ ਇੰਨਸਾਨ ਨੂੰ ਚੰਗੀ ਰੱਖਣੀ ਚਾਹੀਦੀ ਹੈ।

ਗਲਤ ਕੰਮਾਂ ਤੋਂ ਬੱਚਣਾ ਚਾਹੀਦਾ ਹੈ, ਗਲਤ ਸੰਗਤ ਤੋਂ ਬਚਣਾ ਚਾਹੀਦਾ ਹੈ, ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਕਰਕੇ ਮੈਂ ਸਭ ਨੂੰ ਹੀ ਬੇਨਤੀ ਕਰਦਾ ਹਾਂ ਕਿ ਸਾਈਕਲ ਚਲਾਉ ਸੇਹਤ ਬਚਾਉ ਸਾਈਕਲ ਚਲਾਉਣ ਦੇ ਰਿਜਾਲਟ ਤੁਹਾਨੂੰ ਆਪਣੇ ਆਪ ਮਿਲਣ ਲੱਗ ਜਾਣਗੇ।

# ਦਲਿਤ ਜੁਝਾਰੂ ਬੀਬੀ ਲਲਕਾਰ ਰਹੀ ਏ ਜਾਤੀਵਾਦੀ ਗੁੰਡਿਆਂ ਨੂੰ ਤੇ ਨਿਆਂ ਦਿਵਾ ਰਹੀ ਏ ਦਲਿਤ ਸਮਾਜ ਨੂੰ

## ਉੱਤਰ ਪ੍ਰਦੇਸ਼ ਦੇ ਜਾਲੌਨ ਦੇ ਨਰਹਨ ਪਿੰਡ ਵਿਚ ਦਲਿਤ ਨੂੰਹਾਂ ਧੀਆਂ ਉਪਰ ਜਾਤੀਵਾਦੀ ਗੁੰਡਿਆਂ ਦੀ ਦਹਿਸ਼ਤ ਤੋੜੀ

ਇਹ ਅਨੋਖੀ ਕਹਾਣੀ ਉੱਤਰ ਪ੍ਰਦੇਸ਼ ਦੇ ਜਾਲੌਨ ਦੇ ਨਰਹਨ ਪਿੰਡ ਦੀ ਰਹਿਣ ਵਾਲੀ ਜੁਝਾਰੂ ਦਲਿਤ ਬੀਬੀ ਰੀਤਾ ਦੇਵੀ ਦੀ ਹੈ ਜੋ ਦਲਿਤ ਹਿਤਾਂ ਲਈ ਜੂਝ ਰਹੀ ਹੈ। ਇਸ ਦਾ ਪਿੰਡ ਡਾਕੂ ਤੋਂ ਸਿਆਸਤਦਾਨ ਬਣੀ ਫੂਲਨ ਦੇਵੀ ਦੇ ਪਿੰਡ ਦੇ ਬਿਲਕੁਲ ਨੇੜੇ ਹੈ।ਬੀਬੀ ਰੀਤਾ ਦਾ ਕਹਿਣਾ ਹੈ ਕਿ ਨਰਹਨ ਪਿੰਡ ਵਿਚ ਉੱਚ ਜਾਤੀਆਂ ਦਾ ਦਬਦਬਾ ਸੀ। ਉਹ ਕਿਸੇ ਵੀ ਦਲਿਤ ਨੂੰ ਸ਼ਾਮ ਤੋਂ ਬਾਅਦ ਘਰੋਂ ਬਾਹਰ ਨਹੀਂ ਨਿਕਲਣ ਦਿੰਦੇ ਸਨ। ਦਲਿਤ ਪਰਿਵਾਰਾਂ ਦੀਆਂ ਨੂੰਹਾਂ ਨੂੰ ਅਗਵਾ ਕਰ ਲੈਂਦੇ ਸਨ। ਬਾਪੂ ਪੁਲਿਸ ਵਿੱਚ ਇੰਸਪੈਕਟਰ ਸਨ, ਇੱਕ ਦਿਨ ਉਨ੍ਹਾਂ ਦਾ ਸਵਰਨ ਜਾਤੀ ਦੇ ਗੁੰਡੇ ਦੇ ਨਾਲ ਨਾਲ ਝਗੜਾ ਹੋ ਗਿਆ ਅਤੇ ਗੁੱਸੇ ਵਿੱਚ ਉਹਨਾਂ ਨੇ ਉਸਨੂੰ ਗੋਲੀ ਮਾਰ ਦਿੱਤੀ। ਪਾਪਾ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਸ ਤੋਂ ਬਾਅਦ ਉਚ ਜਾਤੀ ਦੇ ਗੁੰਡਿਆਂ ਨੇ ਸਾਨੂੰ ਹੋਰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ।

ਰੀਤਾ ਦਸਦੀ ਹੈ ਕਿ ਜਦੋਂ ਮੈਂ ਘਰੋਂ ਬਾਹਰ ਜਾਂਦੀ ਸੀ ਤਾਂ ਇੱਕ ਹੱਥ ਵਿੱਚ ਕੁਹਾੜੀ ਅਤੇ ਦੂਜੇ ਵਿੱਚ ਦਾਤਰੀ ਲੈ ਕੇ ਜਾਂਦੀ ਸੀ ਤਾਂ ਕਿ ਕੋਈ ਗੁੰਡਾ ਮੇਰੇ ਉੱਤੇ ਹਮਲਾ ਨਾ ਕਰ ਸਕੇ। ਪੜ੍ਹਨਾ ਚਾਹੁੰਦੀ ਸੀ, ਪਰ ਅੱਠਵੀਂ ਤੋਂ ਬਾਅਦ ਪੜ੍ਹਾਈ ਛੱਡਣੀ ਪਈ। ਜੇਲ ਤੋਂ ਆਉਣ ਤੋਂ ਬਾਅਦ ਮੇਰੇ ਪਿਤਾ ਨੇ ਮੇਰਾ ਜਲਦੀ ਵਿਆਹ ਕਰ ਦਿੱਤਾ ਤਾਂ ਜੋ ਮੈਂ ਆਪਣੇ ਸਹੁਰੇ ਘਰ ਅਮਨ ਸ਼ਾਂਤੀ ਨਾਲ ਰਹਿ ਸਕਾਂ ਪਰ ਉਥੇ ਹਾਲਾਤ ਹੋਰ ਵੀ ਮਾੜੇ ਸਨ।ਰੀਤਾ ਦੱਸਦੀ ਹੈ, 'ਸਹੁਰੇ ਘਰ ਆਏ ਨੂੰ ਦੋ-ਤਿੰਨ ਸਾਲ ਹੀ ਹੋਏ ਸਨ। ਉੱਚ ਜਾਤੀ ਦੇ ਲੜਕੇ ਨੇ ਦਲਿਤ ਪਰਿਵਾਰ ਦੀ ਧੀ ਨੂੰ ਅਗਵਾ ਕਰ ਲਿਆ। ਅਗਲੇ ਦਿਨ ਪੰਚਾਇਤ ਹੋਈ, ਪਰ ਮੁੰਡੇ ਨੂੰ ਸਜ਼ਾ ਨਾ ਹੋਈ। ਪੀੜਤ ਪਰਿਵਾਰ ਨੂੰ ਪਿੰਡ ਛੱਡਣਾ ਪਿਆ।

ਇਸੇ ਤਰ੍ਹਾਂ ਇਕ ਵਾਰ ਠਾਕੁਰ ਜਾਤੀ ਦੇ ਲੋਕਾਂ ਨੇ ਮੇਰੇ 'ਤੇ ਚੋਰੀ ਦਾ ਦੋਸ਼ ਲਗਾਇਆ। ਜਦੋਂ ਮੈਂ ਚੋਰੀ ਤੋਂ ਇਨਕਾਰ ਕੀਤਾ ਤਾਂ ਉਹ ਮੇਰੇ ਨਾਲ ਕੁੱਟਮਾਰ ਕਰਨ ਲਈ ਡੰਡੇ ਲੈ ਕੇ ਆਏ। ਮੈਂ ਵੀ ਉਹਨਾਂ 'ਤੇ ਕੁਹਾੜੇ ਨਾਲ ਹਮਲਾ ਕੀਤਾ। ਉਹ ਦੌੜ ਗਏ।ਬਸ ਉਸੇ ਦਿਨ ਹੀ ਮੈਂ ਫੈਸਲਾ ਕਰ ਲਿਆ ਕਿ ਹੁਣ ਮੈਂ ਉਹਨਾਂ ਦੇ ਜ਼ੁਲਮ ਦੇ ਖਿਲਾਫ ਜੂਝਾਂਗੀ ਹੈ।ਮੈਂ ਘਰੋਂ ਬਾਹਰ ਜਾਣ ਲੱਗ ਪਈ। ਪਿੰਡ ਤੋਂ 35 ਕਿਲੋਮੀਟਰ ਦੂਰ ਪੈਦਲ ਹੀ ਮੈਂ ਬਜ਼ਾਰ ਜਾਂਦੀ ਸੀ ਤੇ 6 ਮਹੀਨਿਆਂ ਦਾ ਰਾਸ਼ਨ ਲੈ ਕੇ ਵਾਪਸ ਆਉਂਦੀ ਸੀ। ਇਸ ਨਾਲ ਹੋਰ ਔਰਤਾਂ ਨੂੰ ਵੀ ਹਿੰਮਤ ਮਿਲੀ ਅਤੇ ਉਹ ਵੀ ਬਾਹਰ ਜਾਣ ਲੱਗ ਪਈਆਂ।ਰੀਤਾ ਦੱਸਦੀ ਹੈ, 'ਜਦੋਂ ਪਤੀ 3 ਸਾਲ ਦਾ ਸੀ ਤਾਂ ਉਸ ਦੇ ਮਾਤਾ-ਪਿਤਾ ਦੀ ਮੌਤ ਹੋ ਗਈ ਸੀ। ਜਿਸ ਤੋਂ ਬਾਅਦ ਉਸ ਨੇ ਅਨਾਥ ਦੀ ਜ਼ਿੰਦਗੀ ਬਤੀਤ ਕੀਤੀ। ਉੱਚ ਜਾਤੀ ਦਾ ਵਿਤਕਰਾ ਏਨਾ ਜ਼ਿਆਦਾ ਸੀ ਕਿ ਉਹ ਮਜ਼ਦੂਰੀ ਕਰਵਾਉਣ ਦੇ ਬਾਵਜੂਦ ਪੈਸੇ ਨਹੀਂ ਦਿੰਦੇ ਸਨ। ਕਈ ਵਾਰ ਮਜ਼ਦੂਰੀ ਮੰਗਣ 'ਤੇ ਜਾਗੀਰਦਾਰ ਗੁੰਡੇ ਉਨ੍ਹਾਂ ਦੀ ਕੁਟਮਾਰ ਕਰਦੇ ਸਨ। ਇਸੇ ਲਈ ਮੇਰੇ ਪਤੀ ਤੇ ਦਲਿਤ ਗੁਆਂਢੀ ਸ਼ਹਿਰ ਜਾ ਕੇ ਕੰਮ ਕਰਨ ਲਗ ਪਏ।ਰੀਤਾ ਦਾ ਕਹਿਣਾ ਹੈ ਕਿ ਪਿੰਡ ਵਿੱਚ ਉੱਚ ਜਾਤੀਆਂ ਨੂੰ ਸਰਕਾਰੀ ਸਹੂਲਤਾਂ ਮਿਲਦੀਆਂ ਹਨ ਪਰ ਅਧਿਕਾਰੀਆਂ ਵੱਲੋਂ ਦਲਿਤਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਰੀਤਾ ਦੱਸਦੀ ਹੈ ਕਿ ਪਹਿਲਾਂ ਇੱਥੇ 5-6 ਦਲਿਤ ਪਰਿਵਾਰ ਸਨ, ਪਰ ਗੁੰਡਿਆਂ ਦੇ ਸ਼ੋਸ਼ਣ ਅਤੇ ਗਰੀਬੀ ਕਾਰਨ ਇਹ ਸਾਰੇ ਦਲਿਤ ਉੱਤਰ ਪ੍ਰਦੇਸ਼ ਦੇ ਓਰਾਈ, ਕਾਲਪੀ, ਕਾਨਪੁਰ ਅਤੇ ਗੁਜਰਾਤ, ਮੁੰਬਈ, ਦਿੱਲੀ ਵਰਗੇ ਸ਼ਹਿਰਾਂ ਵਿੱਚ ਚਲੇ ਗਏ। ਦਰਅਸਲ, ਇਹ ਦਲਿਤ ਉੱਚ ਜਾਤੀ ਦੇ ਲੋਕਾਂ ਤੋਂ ਕਰਜ਼ਾ ਲੈਂਦੇ ਸਨ, ਜਿਸ ਤੋਂ ਬਾਅਦ ਇਹਨਾਂ ਦਲਿਤਾਂ ਕੋਲੋਂ ਅੰਗੂਠੇ ਲਗਵਾ ਕੇ ਉਹਨਾਂ ਦੇ ਘਰ-ਬਾਰ ਉਪਰ ਜਾਗੀਰਦਾਰ ਕਬਜ਼ਾ ਕਰ ਲੈਂਦੇ ਸਨ।



ਰੀਤਾ ਦਸਦੀ ਹੈ ਕਿ ਗੁੰਡਿਆਂ ਨੇ ਮੇਰੀ ਸਾਰੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਜਦੋਂ ਪੰਚਾਇਤ ਹੋਈ ਤਾਂ ਸਾਨੂੰ ਇੱਕ ਸਾਲ ਦਾ ਸਮਾਂ ਮਿਲਿਆ। ਇਸ ਤੋਂ ਬਾਅਦ ਮੈਂ ਆਪਣੇ ਦਮ 'ਤੇ ਕਮਾਉਣਾ ਸ਼ੁਰੂ ਕਰ ਦਿੱਤਾ। ਖੇਤਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ, ਪਸ਼ੂ ਪਾਲਣ ਲਗ ਪਈ। ਇਸ ਤੋਂ ਬਾਅਦ 26,000 ਰੁਪਏ ਜਮ੍ਹਾਂ ਕਰਵਾ ਕੇ ਮੈਂ ਆਪਣਾ ਸਾਰਾ ਖੇਤ ਜਾਗੀਰਦਾਰ ਤੋਂ ਮੁਕਤ ਕਰਵਾ ਲਿਆ।ਰੀਤਾ ਦੀ ਦਲਿਤ ਬਸਤੀ ਦੇ ਆਲੇ-ਦੁਆਲੇ ਉੱਚ ਜਾਤੀ ਦੇ ਲੋਕਾਂ ਦੇ ਘਰ ਹਨ। ਉਹ ਦੱਸਦੀ ਹੈ, 'ਜਦੋਂ ਉਹ ਵਿਆਹ ਕੇ ਆਈ ਤਾਂ ਇਥੇ ਬਸਤੀ 'ਤੇ ਉੱਚ ਜਾਤੀਆਂ ਦਾ ਏਨਾ ਦਬਦਬਾ ਸੀ ਕਿ ਉਹ ਘਰ ਦੇ ਨਾਲੇ ਦਾ ਪਾਣੀ ਵੀ ਬਾਹਰ ਨਹੀਂ ਨਿਕਲਣ ਦਿੰਦੇ ਸਨ। ਅਸੀਂ ਉਨ੍ਹਾਂ ਦੇ ਦਰਵਾਜ਼ੇ ਦੇ ਅੱਗੋਂ ਨਹੀਂ ਲੰਘ ਸਕਦੇ ਸਾਂ। ਉੱਚ ਜਾਤੀ ਦੇ ਲੋਕ ਆਪਣੇ ਘਰਾਂ ਦੇ ਬਾਹਰ ਮੰਜਿਆਂ 'ਤੇ ਸੌਂਦੇ ਸਨ। ਜੇਕਰ ਅਸੀਂ ਸਵੇਰੇ 4 ਵਜੇ ਜੰਗਲ ਪਾਣੀ ਲਈ ਜਾਂਦੀਆਂ ਸਾਂ ਤਾਂ ਰਸਤੇ ਵਿਚ ਜੇਕਰ ਸਾਡੀ ਸਾੜ੍ਹੀ ਵੀ ਉਨ੍ਹਾਂ ਦੇ ਮੰਜੇ ਨੂੰ ਛੂਹ ਜਾਂਦੀ ਸੀ ਤਾਂ ਪੰਚਾਇਤ ਬੁਲਾ ਕੇ ਸਾਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ। ਇਸ ਤੋਂ ਬਾਅਦ ਮੈਂ ਫੈਸਲਾ ਕੀਤਾ ਕਿ ਹੁਣ ਉਚ ਜਾਤੀਆਂ ਦੀ ਧੱਕੇਸ਼ਾਹੀ ਵਿਰੁੱਧ ਮੁਹਿੰਮ ਛੇੜਨੀ ਪਵੇਗੀ।ਮੈਂ ਦਲਿਤਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਘਰ-ਘਰ ਜਾ ਕੇ ਉਨ੍ਹਾਂ ਨੂੰ ਕਾਨੂੰਨ ਅਤੇ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਦਿਤੀ। ਉਸਨੇ ਦਸਿਆ ਕਿ ਜਿਨ੍ਹਾਂ ਸਕੂਲਾਂ ਵਿੱਚ ਦਲਿਤਾਂ ਨੂੰ ਪੜ੍ਹਨ ਦੀ ਇਜਾਜ਼ਤ ਨਹੀਂ ਸੀ, ਉਨ੍ਹਾਂ ਨੂੰ ਮੈਂ ਉਥੇ ਦਾਖ਼ਲਾ ਦਿਵਾਇਆ। ਅੱਜ ਮੈਂ 15 ਪਿੰਡਾਂ ਵਿੱਚ 800 ਤੋਂ ਵੱਧ ਦਲਿਤ ਬੱਚਿਆਂ ਨੂੰ ਸਿੱਖਿਆ ਨਾਲ ਜੋੜ ਚੁਕੀ ਹਾਂ। ਪ੍ਰਸ਼ਾਸਨ ਦੀ ਮਦਦ ਨਾਲ ਪਿੰਡਾਂ ਵਿੱਚ ਲਾਇਬ੍ਰੇਰੀਆਂ ਉਸਾਰੀਆਂ ਹਨ ਤਾਂ ਜੋ ਦਲਿਤ ਬਚੇ ਗਿਆਨ ਹਾਸਲ ਕਰ ਸਕਣ। 2015 ਵਿੱਚ, ਰੀਤਾ 'ਬੁੰਦੇਲਖੰਡ ਦਲਿਤ ਅਧਿਕਾਰ ਮੰਚ' ਵਿੱਚ ਸ਼ਾਮਲ ਹੋ ਗਈ।ਉਹ ਕਹਿੰਦੀ ਹੈ, 'ਦਲਿਤ ਬੱਚਿਆਂ ਨੂੰ ਸਕੂਲ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਕਾਰਨ ਦਰਜਨਾਂ ਬੱਚਿਆਂ ਦਾ ਸਕੂਲ ਜਾਣਾ ਛਡ ਦਿੱਤਾ। ਕਈ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਇਨ੍ਹਾਂ ਦਲਿਤ ਬੱਚਿਆਂ ਨੂੰ ਪਿੱਛੇ ਬੈਠਾਇਆ ਜਾਂਦਾ ਸੀ। ਮਿਡ-ਡੇ-ਮੀਲ ਸਮੇਂ ਵੱਖਰੀ ਥਾਲੀ ਦਿੱਤੀ ਜਾਂਦੀ ਸੀ। ਅਸੀਂ ਇਨ੍ਹਾਂ ਬੱਚਿਆਂ ਦੀ ਕੌਂਸਲਿੰਗ ਕੀਤੀ। ਪ੍ਰਿੰਸੀਪਲ ਅਤੇ ਬਲਾਕ ਸਿੱਖਿਆ ਅਫ਼ਸਰ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਵਾਪਸ ਸਕੂਲ ਦਾਖਲ ਕਰਵਾਇਆ । ਇਸ ਦੇ ਨਾਲ ਹੀ ਮੈਂ ਪਿੰਡਾਂ ਵਿੱਚ ਲਾਇਬ੍ਰੇਰੀਆਂ ਸ਼ੁਰੂ ਕਰ ਦਿੱਤੀਆਂ। ਹੁਣ ਤੱਕ ਸਾਡੀ ਟੀਮ ਨੇ ਚਾਰ-ਚਾਰ ਡਾਕਟਰ ਅੰਬੇਡਕਰ ਦੇ ਨਾਮ ਲਾਇਬ੍ਰੇਰੀਆਂ ਸ਼ੁਰੂ ਕੀਤੀਆਂ ਹਨ। ਇੱਥੇ ਸਾਡੇ ਵਲੰਟੀਅਰ 200 ਤੋਂ ਵੱਧ ਬੱਚਿਆਂ ਨੂੰ ਪੜ੍ਹਾਉਂਦੇ ਹਨ। ਉਹ ਦਸਦੀ ਹੈ ਕਿ ਉਸਨੇ 15 ਪਿੰਡਾਂ ਵਿੱਚ 800 ਤੋਂ ਵੱਧ ਦਲਿਤ ਬੱਚਿਆਂ ਨੂੰ ਸਿੱਖਿਆ ਨਾਲ ਜੋੜਿਆ, ਅਣਗਿਣਤ ਦਲਿਤ ਪਰਿਵਾਰਾਂ ਨੂੰ ਇਨਸਾਫ ਦਿਵਾਇਆ ਅਤੇ ਉਚ ਜਾਤੀ ਦੇ ਗੁੰਡਿਆਂ ਤੋਂ ਦਲਿਤਾਂ ਦੀਆਂ ਜ਼ਮੀਨਾਂ ਆਜ਼ਾਦ ਕਰਾਕੇ ਦਿਤੀਆਂ ਹਨ।

ਅਸੀਂ ਮੁੱਖ ਮੰਤਰੀ ਆਵਾਸ ਯੋਜਨਾ ਤਹਿਤ ਲਗਭਗ 400 ਲੋਕਾਂ ਨੂੰ ਘਰ, ਬੁਢਾਪਾ ਪੈਨਸ਼ਨ, ਪਖਾਨੇ ਮੁਹੱਈਆ ਕਰਵਾਏ ਹਨ।

ਜਿਹੜੇ ਉੱਚ ਜਾਤੀ ਦੇ ਲੋਕ ਦਲਿਤਾਂ ਉਪਰ ਤਸ਼ੱਦਦ ਕਰਦੇ ਹਨ, ਉਨ੍ਹਾਂ ਵਿਰੁੱਧ ਕਾਨੂੰਨੀ ਲੜਾਈ ਲੜਨ ਲਈ ਪੀੜਤ ਦਲਿਤਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ। ਸਾਡੀ ਟੀਮ ਵਿੱਚ ਵਕੀਲ ਵੀ ਹਨ, ਜੋ ਐਫਆਈਆਰ ਦਰਜ ਕਰਨ ਤੋਂ ਲੈ ਕੇ ਅਦਾਲਤ ਤੱਕ ਸਭ ਕੁਝ ਸਮਝਾਉਂਦੇ ਹਨ। ਪਿੰਡ ਦੇ ਦਰਦ ਨੂੰ ਬਿਆਨ ਕਰਦਿਆਂ ਰੀਤਾ ਕਹਿੰਦੀ ਹੈ, 'ਨਾਰਹਾਨ ਪਿੰਡ ਦੇ ਲੋਕਾਂ ਲਈ ਵਿਕਾਸ ਅਜੇ ਵੀ ਮਹਿਜ਼ ਸੁਪਨਾ ਹੈ। ਸਾਡੇ ਕੋਲ ਖੇਤ ਹਨ, ਪਰ ਉਸ ਵਿੱਚ ਕੋਈ ਫ਼ਸਲ ਨਹੀਂ ਹੈ। ਜ਼ਮੀਨ ਬੰਜਰ ਹੈ। ਇੱਥੇ ਮਿੱਟੀ ਦੇ ਪਹਾੜ ਹਨ, ਯਾਨੀ ਕਿ ਜੰਗਲਾਂ ਵਾਲੀਆਂ ਜ਼ਮੀਨਾਂ ਹਨ। ਅੱਜ ਵੀ ਪਿੰਡ ਤੋਂ 35 ਕਿਲੋਮੀਟਰ ਦੂਰ ਸ਼ਹਿਰ ਵਿੱਚ ਜਾਣ ਦਾ ਕੋਈ ਪ੍ਰਬੰਧ ਨਹੀਂ ਹੈ। ਲੋਕਾਂ ਨੂੰ ਟਰੈਕਟਰ ਜਾਂ ਆਪਣੇ ਵਾਹਨ ਰਾਹੀਂ ਜਾਣਾ ਪੈਂਦਾ ਹੈ। ਇਹੀ ਕਾਰਨ ਹੈ ਕਿ ਸਾਰਾ ਪਿੰਡ ਲਗਭਗ ਖਾਲੀ ਪਿਆ ਹੈ, ਪਰ ਮੈਂ ਪ੍ਰਣ ਲਿਆ ਹੈ ਕਿ ਮੈਂ ਪਿੰਡ ਵਿਚ ਰਹਿਕੇ ਲੋਕਾਂ ਦੇ ਹੱਕਾਂ ਲਈ ਜੂਝਾਂਗੀ। ਹੁਣ ਉਚ ਜਾਤੀ ਦੇ ਲੋਕ ਵੀ ਆਪਣੀਆਂ ਸਮੱਸਿਆਵਾਂ ਲੈ ਕੇ ਮੇਰੇ ਕੋਲ ਆਉਂਦੇ ਹਨ। ਸਰਕਾਰੀ ਅਫਸਰ ਪਿੰਡ ਦੇ ਮੁਖੀ ਦਾ ਵੀ ਕੋਈ ਕੰਮ ਨਹੀਂ ਕਰਦੇ, ਇਸ ਲਈ ਉਹ ਹੁਣ ਮੇਰੇ ਕੋਲ ਆਉਂਦੇ ਹਨ, ਕਿਉਂਕਿ ਲੋਕ ਮੇਰੇ ਨਾਲ ਖਲੋਤੇ ਹਨ।



ਪੇਸ਼ਕਰਤਾ:-
**ਸਤਨਾਮ ਸਿੰਘ ਸਹੂੰਗੜਾ**

## ਲਛਮਣ ਰੇਖਾ

ਕੀ ਇਮਾਨਦਾਰ ਹੋਣਾ,
ਸਭ ਲਈ ਖੁਸ਼ ਹੋਣਾ,
ਚੰਗਾ ਇਨਸਾਨ ਹੋਣਾ,
ਹੀ ਕਾਫੀ ਨਹੀਂ ਹੁੰਦਾ?
ਕੀ ਮਨਘੜ੍ਹਤ ਜ਼ਿੰਮੇਵਾਰੀਆਂ ਨੂੰ
ਨਿਭਾਉਣਾ ਹੀ ਸਭ ਕੁਛ ਹੁੰਦੈ?
ਕੀ ਇਨਸਾਨੀਅਤ ਦਾ,
ਕੋਈ ਵਜੂਦ ਨਹੀਂ?
ਕੀ ਚੰਗਿਆਈ ਦੀ,
ਕੋਈ ਕੀਮਤ ਨਹੀਂ?
ਜੇ ਦਿਖਾਵਾ ਹੀ ਸਭ ਕੁਛ ਹੈ,
ਤਾਂ ਫਿਰ, ਚੰਗੇ ਹੋਣ ਦਾ
ਢੰਡੋਰਾ ਕਿਉਂ ਪਿੱਟਿਆ ਜਾਂਦੈ?
ਕੀ ਤੁਹਾਨੂੰ ਕੋਈ ਹੱਕ ਨਹੀਂ
ਕਿ ਜੋ ਤੁਸੀਂ ਹੋ, ਓਹੀ ਬਣ ਕੇ ਰਹੋ?
ਕੀ ਇੱਕ ਇਨਸਾਨ ਹੋਣਾ,
ਇੱਕ ਸ਼ਰਾਪ ਵਾਂਗ ਹੈ?
ਕਿਉਂਕਿ ਪਰਿੰਦਿਆਂ 'ਤੇ ਤਾਂ
ਕੋਈ ਬੰਦਿਸ਼ ਨਹੀਂ ਹੁੰਦੀ!
ਪਹਿਲਾਂ ਦੁਨੀਆਂ ਨੂੰ ਖੁਸ਼ ਕਰੀਏ?
ਜਾਂ ਖ਼ੁਦ ਨੂੰ.. .?

## ਸਮਰਪਣ

ਸੱਚ ਦੱਸੀਂ...
ਤੈਨੂੰ ਕਦੇ
ਅਹਿਸਾਸ ਨਹੀਂ ਹੋਇਆ?
ਮੇਰੇ ਅਦਬ ਅਤੇ ਇਬਾਦਤ ਦਾ...?
ਪਰ, ਤੂੰ ਤਾਂ ਡਾਹਢਾ ਏਂ
ਤੇ ਡਾਹਢੇ ਅੱਗੇ ਕੀਹਦਾ ਜੋਰ?
ਜਾਂ ਤੂੰ ਪੱਕਾ ਪਰਖਦਾ ਹੋਣੈ,
ਮੇਰੇ ਸਿਦਕ ਨੂੰ
ਮੇਰੀ ਵਫ਼ਾ ਨੂੰ
ਹਾਂ, ਤੂੰ ਡਾਹਢਾ ਵੀ ਏਂ
ਤੇ ਪਰਖ ਵੀ ਸਕਦੈਂ
ਚੱਲ ਦੱਸ,
ਕੀ ਕਸਵੱਟੀ ਹੈ
ਤੇਰੀ ਪਰਖ ਦੀ?
ਜਾਨ? ਜਹਾਨ?
ਸ਼ਾਨ? ਈਮਾਨ?
ਸਭ ਪੇਸ਼ ਏ
ਤੇਰੀ ਖ਼ਿਦਮਤ 'ਚ!
ਸਵੀਕਾਰ, ਜਾਂ ਅਸਵੀਕਾਰ...?
ਕਿਉਂਕਿ ਭਾਈ
ਤੂੰ ਤਾਂ ਡਾਹਢਾ ਏ...!

**- ਖੁਸ਼ਦੀਪ ਬਰਾੜ**



## 'ਬੇਗ਼ਮਪੁਰਾ ਵਸਾਕੇ ਰਹਿਣਾ'

ਅਸੀਂ ਅਨੇਕਾਂ ਜਥੇਬੰਦੀਆਂ ਵਿੱਚ ਹਾਂ ਵੰਡੇ।
ਸੱਜਣੋਂ ਤਰਾਂ ਤਰਾਂ ਦੇ ਚੁੱਕੇ ਝੰਡੇ।

ਸਭੇ ਪਾਰਟੀਆਂ, ਡੇਰਿਆਂ ਨਾਲ ਖੜ੍ਹੇ ਹਾਂ।
ਵੱਖ ਵੱਖ ਧਰਮਾਂ ਦੇ ਵਿੱਚ ਵੜੇ ਹਾਂ।

ਕੋਈ ਇਕ ਦੂਜੇ ਨੂੰ ਵੇਖਕੇ ਨਾ ਰਾਜ਼ੀ।
ਕਹਿੰਦੇ ਫਿਰ ਵੀ ਜਿੱਤਕੇ ਰਹਿਣਾ ਬਾਜ਼ੀ।

ਗੀਤਾਂ ਭਾਸਣਾਂ ਵਿਚ ਜਚਕੇ ਕਹਿਣਾ।
ਮੇਜਰ "ਅਸੀਂ 'ਬੇਗ਼ਮਪੁਰਾ' ਵਸਾਕੇ ਰਹਿਣਾ।"



**ਮੇਜਰ ਸਿੰਘ ਬੁਢਲਾਡਾ**
94176 42327




1972-73 ਦੀ ਸਰਕਾਰੀ ਹਾਈ ਸਕੂਲ ਸ਼ੰਕਰ ਦੀ ਕ੍ਰਿਕੇਟ ਟੀਮ 'ਚ ਖਿਡਾਰੀਆਂ ਤੇ ਸਟਾਫ਼ 'ਚ ਸੀ. ਐੱਲ. ਚੁੰਬਰ ਦੀ ਤਸਵੀਰ ਵੀ ਹੈ। ਫੋਟੋ 'ਚ ਖੱਬਿਓਂ ਸੱਜੇ ਸ: ਸਾਧੂ ਸਿੰਘ ਤੱਖਰ, ਸ਼੍ਰੀ ਵਿਜੇ ਕੁਮਾਰ ਧੀਰ, ਸ: ਗੁਰਚਰਨ ਸਿੰਘ ਪੁਰੇਵਾਲ ਹੈਡਮਾਸਟਰ, ਸ਼੍ਰੀ ਸਤੀਸ਼ ਕੁਮਾਰ ਤੇ ਸ਼੍ਰੀ ਐਚ.ਐਲ ਕਪੂਰ।

## ਕੈਲੀਫੋਰਨੀਆ ਵਿਚ ਖੱਡ ਵਿਚ ਕਾਰ ਸੁੱਟ ਕੇ ਪਰਿਵਾਰ ਨੂੰ ਮਾਰਨ ਦੇ ਯਤਨ ਵਿਚ ਗ੍ਰਿਫਤਾਰ ਪਟੇਲ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਭਾਰਤੀ ਮੂਲ ਦੇ ਅਮਰੀਕੀ ਪਾਸਾਡੇਨਾ ਵਾਸੀ 41 ਸਾਲਾ ਧਰਮੇਸ਼ ਏ ਪਟੇਲ ਜਿਸ ਵਿਰੁੱਧ ਪੁਲਿਸ ਵੱਲੋਂ ਜਾਣ ਬੁਝ ਕੇ ਕਾਰ ਖੱਡ ਵਿਚ ਸੁੱਟ ਕੇ ਆਪਣੇ ਪਰਿਵਾਰ ਨੂੰ ਮਾਰਨ ਦੇ ਦੋਸ਼ ਆਇਦ ਕੀਤੇ ਹਨ, ਨੇ ਇਕ ਅਦਾਲਤ ਵਿਚ ਅਰਜੀ ਦਾਇਰ ਕਰਕੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਹੈ। ਕਾਰ ਵਿਚ ਉਸ ਦੀ ਪਤਨੀ, 7 ਸਾਲ ਦੀ ਬੇਟੀ ਤੇ 4 ਸਾਲਾ ਦਾ ਬੇਟਾ ਸਵਾਰ ਸੀ । ਬੇਟੀ ਇਸ ਹਾਦਸੇ ਵਿਚ ਗੰਭੀਰ ਜਖਮੀ ਹੋ ਗਈ ਸੀ ਜਦ ਕਿ ਬੇਟੇ ਦੇ ਮਾਮੂਲੀ ਝਰੀਟਾਂ ਆਈਆਂ ਸਨ। ਹਾਲਾਂ ਕਿ ਪਰਿਵਾਰ ਇਸ ਘਟਨਾ ਵਿਚ ਬਚ ਗਿਆ ਸੀ ਪਰੰਤੂ ਪੁਲਿਸ ਨੇ ਪਟੇਲ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਹਨ। ਸੈਨ ਮੈਟੀਓ ਡਿਸਟ੍ਰਿਕਟ ਅਟਾਰਨੀ ਸਟੀਵ ਵਾਗਸਟਾਫ ਅਨੁਸਾਰ ਪਟੇਲ ਦੀ ਪਤਨੀ ਦੇ ਬਿਆਨ, ਚਸ਼ਮਦੀਦ ਗਵਾਹਾਂ ਤੋਂ ਕੀਤੀ ਗਈ ਪੁੱਛਗਿੱਛ ਤੇ ਸੜਕ ਦੀ ਵੀਡੀਓ ਪਟੇਲ ਨੂੰ ਦੋਸ਼ੀ ਸਾਬਤ ਕਰਨ ਲਈ ਕਾਫੀ ਸਬੂਤ ਹਨ। ਮਾਮਲੇ ਦੀ ਮੁੱਢਲੀ ਸੁਣਵਾਈ 20 ਮਾਰਚ ਨੂੰ ਹੋਵੇਗੀ। ਪਟੇਲ ਨੇ ਕੈਲੀਫੋਰਨੀਆ ਦੇ ਜਾਣੇ ਪਛਾਣੇ ਵਕੀਲ ਜੋਸ਼ੂਆ ਬੈਂਟਲੇ ਦੀਆਂ ਸੇਵਾਵਾਂ ਲਈਆਂ ਹਨ। ਲਾਸ ਏਂਜਲਸ ਦੇ ਪ੍ਰੋਵਿੰਸ ਹੋਲੀ ਕਰਾਸ ਮੈਡੀਕਲ ਸੈਂਟਰ ਵਿਚ ਰੇਡੀਆਲੋਜਿਸਟ ਵਜੋਂ ਤਾਇਨਾਤ ਪਟੇਲ ਜੇਕਰ ਦੋਸ਼ੀ ਸਾਬਤ ਹੋ ਜਾਂਦਾ ਹੈ ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

### 20 ਫਰਵਰੀ ਲਈ ਵਿਸ਼ਵ ਸਮਾਜਿਕ ਨਿਆਂ ਦਿਵਸ ਸਬੰਧੀ ਵਿਸ਼ੇਸ਼

# ਸਮਾਜਿਕ ਨਿਆਂ ਦਾ ਭਾਵ ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਜੀਉਣ ਅਤੇ ਵਿਕਸਿਤ ਹੋਣ ਦੇ ਇੱਕੋ ਜਿਹੇ ਮੋਕੇ ਪ੍ਰਦਾਨ ਕਰਨਾ



ਕੁਲਦੀਪ ਚੰਦ
91-9417563054

ਹਰ ਸਾਲ 20 ਫਰਵਰੀ ਨੂੰ ਵਿਸ਼ਵ ਸਮਾਜਿਕ ਨਿਆਂ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਮਾਜਿਕ ਨਿਆਂ ਦੇ ਸਿਧਾਂਤਾਂ ਨੂੰ ਲਿੰਗ ਸਮਾਨਤਾ ਜਾਂ ਆਦਿਵਾਸੀ ਲੋਕਾਂ ਅਤੇ ਪ੍ਰਵਾਸੀਆਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਬਰਕਰਾਰ ਰੱਖਿਆ ਜਾਂਦਾ ਹੈ। ਇਹ ਸਮਾਜਿਕ ਸੁਰੱਖਿਆ, ਨਿਆਂ, ਰੁਜ਼ਗਾਰ, ਬੁਨਿਆਦੀ ਸਿਧਾਂਤਾਂ, ਸਮਾਜਿਕ ਸੰਵਾਦ ਅਤੇ ਕੰਮ ਵਾਲੀ ਥਾਂ ਤੇ ਨਿਆਂਪੂਰਨ ਅਧਿਕਾਰਾਂ ਰਾਹੀਂ ਹਰੇਕ ਲਈ ਨਿਰਪੱਖ ਅਤੇ ਨਿਆਂਪੂਰਨ ਨਤੀਜਿਆਂ ਦੀ ਗਰੰਟੀ ਤੇ ਕੇਂਦਰਿਤ ਹੈ। ਸਮਾਜਿਕ ਨਿਆਂ ਦੀ ਨੀਂਹ ਸਾਰੇ ਮਨੁੱਖਾਂ ਨੂੰ ਕੁਦਰਤ ਦੇ ਸਿਧਾਂਤ ਅਨੁਸਾਰ ਇੱਕ ਬਰਾਬਰ ਮੰਨਣ ਤੇ ਅਧਾਰਿਤ ਹੈ। ਇਸ ਅਨੁਸਾਰ ਕਿਸੇ ਵੀ ਵਿਅੱਕਤੀ ਨਾਲ ਸਮਾਜਿਕ, ਧਾਰਮਿਕ, ਸਭਿਆਚਾਰਕ ਆਦਿ ਪੱਧਰ ਤੇ ਕਿਸੇ ਵੀ ਕਿਸਮ ਦਾ ਪੱਖਪਾਤ ਨਹੀਂ ਹੋਣਾ ਚਾਹੀਦਾ ਹੈ। ਇਹ ਮੁੱਖ ਤੌਰ ਤੇ ਤਿੰਨ ਸਿਧਾਂਤਾ ਨੂੰ ਲੈਕੇ ਹੀ ਅੱਗੇ ਵੱਧਦਾ ਹੈ ਪ੍ਰਤੀਨਿਧਤਾ ਕਰਨਾ, ਸਾਧਨਾ ਦੀ ਵੰਡ ਅਤੇ ਬਰਾਬਰਤਾ ਅਤੇ ਜੇਕਰ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਵੀ ਖਤਮ ਕੀਤਾ ਜਾਂਦਾ ਹੈ ਜਾਂ ਪਾਸੇ ਰੱਖਿਆ ਜਾਂਦਾ ਹੈ ਤਾਂ ਆਰਥਿਕ ਅਤੇ ਸਮਾਜਿਕ ਨਿਆਂ ਵਾਲਾ ਸਾਰਾ ਢਾਂਚਾ ਹੀ ਨਸ਼ਟ ਹੋ ਜਾਂਦਾ ਹੈ। ਸਮਾਜਿਕ ਨਿਆਂ ਦਾ ਭਾਵ ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਜੀਉਣ ਅਤੇ ਵਿਕਸਿਤ ਹੋਣ ਦੇ ਇੱਕੋ ਜਿਹੇ ਮੋਕੇ ਪ੍ਰਦਾਨ ਕਰਨਾ ਹੈ ਤਾਂ ਜੋ ਸਮਾਜ ਦਾ ਕੋਈ ਵੀ ਵਰਗ ਵਿਕਾਸ ਦੀ ਦੋੜ ਵਿੱਚ ਪਿੱਛੇ ਨਾਂ ਰਹਿ ਜਾਵੇ ਪਰੰਤੂ ਸਮਾਜ ਵਿੱਚ ਫੈਲੀ ਸਮਾਜਿਕ, ਆਰਥਿਕ ਅਤੇ ਧਾਰਮਿਕ ਤੋਰ ਤੇ ਊਚ ਨੀਚ ਅਤੇ ਛੋਟੇ ਵੱਡੇ ਦੀ ਭਾਵਨਾਂ ਕਾਰਨ ਸਮਾਜਿਕ ਅਨਿਆਂ ਦੀ ਭਾਵਨਾ ਵਿਕਸਿਤ ਹੋਈ ਹੈ। ਸਮਾਜਿਕ ਨਿਆਂ ਬਹੁਤ ਹੀ ਵਿਆਪਕ ਸ਼ਬਦ ਹੈ ਅਤੇ ਇਸ ਵਿੱਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਤੋਂ ਲੈਕੇ ਗਰੀਬੀ ਅਤੇ ਅਨਪੜ੍ਹਤਾ ਨੂੰ ਖਤਮ ਕਰਨ ਸਬੰਧੀ ਸਭ ਕੁੱਝ ਸ਼ਾਮਿਲ ਹੈ। ਇਸਦਾ ਭਾਵ ਸਿਰਫ ਕਨੂੰਨ ਸਾਹਮਣੇ ਸਭ ਦਾ ਬਰਾਬਰ ਹੋਣਾ ਅਤੇ ਸੁਤੰਤਰ ਨਿਆਂਪਾਲਿਕਾ ਹੋਣਾ ਹੀ ਨਹੀਂ ਹੈ ਸਗੋਂ ਇਸਦਾ ਸਬੰਧ ਸਮਾਜਿਕ ਕੁਰੀਤੀਆਂ ਗਰੀਬੀ, ਬੇਕਾਰੀ, ਭੁੱਖਮਰੀ, ਬਿਮਾਰੀ, ਧਰਮ-ਜਾਤ ਆਦਿ ਤੇ ਅਧਾਰਿਤ ਵਿਤਕਰਾ, ਮਹਿਲਾਵਾਂ ਨਾਲ ਹੁੰਦਾ ਵਿਤਕਰਾ ਆਦਿ ਜਿਸ ਨਾਲ ਵਿਕਾਸਸ਼ੀਲ ਦੇਸ਼ ਪ੍ਰਭਾਵਿਤ ਹੋ ਰਹੇ ਹਨ ਨੂੰ ਵੀ ਦੂਰ ਕਰਨਾ ਹੈ। ਸੰਖੇਪ ਵਿੱਚ ਸਮਾਜਿਕ ਨਿਆਂ ਮਨੁੱਖੀ ਅਧਿਕਾਰਾਂ ਅਤੇ ਬਰਾਬਰਤਾ ਦੇ ਸੰਕਲਪ ਤੇ ਹੀ ਅਧਾਰਿਤ ਹੈ ਅਤੇ ਇਸ ਵਿੱਚ ਸਾਧਨਾ ਦੀ ਬਰਾਬਰ ਵੰਡ, ਸਮਾਜਿਕ, ਸਰੀਰਕ, ਆਰਥਿਕ, ਮਾਨਸਿਕ ਵਿਕਾਸ ਆਦਿ ਸ਼ਾਮਲ ਹੈ। ਸਮਾਜਿਕ ਨਿਆਂ ਦਾ ਮੋਜੂਦਾ ਸੰਕਲਪ 1840 ਵਿੱਚ ਜੇਸੁਇਟ ਲੁਡਗੀ ਟਪਰੇਲੀ ਨੇ ਥਾਮਸ ਏਕਵੈਨਸ ਦੀ ਸਿੱਖਿਆ ਨੀਤੀ ਦੇ ਅਧਾਰ ਤੇ ਪੇਸ਼ ਕੀਤਾ ਸੀ ਜਿਸਨੂੰ ਬਾਦ ਵਿੱਚ ਐਨਟਾਨੀਓ ਰੋਸਮਿਨੀ ਸਰਵਾਤੀ ਨੇ ਵੀ 1848 ਵਿੱਚ ਪੇਸ਼ ਕੀਤਾ ਸੀ। 100 ਤੋਂ ਵੱਧ ਅੰਤਰਰਾਸ਼ਟਰੀ ਰਾਜਨੀਤਿਕ ਨੇਤਾਵਾਂ ਨੇ 1995 ਵਿੱਚ ਕੋਪਨਹੇਗਨ, ਡੈਨਮਾਰਕ ਵਿੱਚ ਸਮਾਜਿਕ ਵਿਕਾਸ ਲਈ ਵਿਸ਼ਵ ਸੰਮੇਲਨ ਦਾ ਆਯੋਜਨ ਕੀਤਾ, ਗਰੀਬੀ ਅਤੇ ਪੂਰਨ ਰੁਜ਼ਗਾਰ ਅਤੇ ਇੱਛਾ ਜਤਾਈ ਕਿ ਉਹ ਸਥਿਰ ਅਤੇ ਸੁਰੱਖਿਅਤ ਸਮਾਜਾਂ ਲਈ ਵੀ ਯਤਨ ਕਰਨਗੇ। ਕੋਪੇਨਹੇਗਨ ਘੋਸ਼ਣਾ ਪੱਤਰ ਅਤੇ ਸਮਾਜਿਕ ਵਿਕਾਸ ਲਈ ਕਾਰਜ ਪ੍ਰੋਗਰਾਮ ਦੀ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਦੁਆਰਾ ਇੱਕ ਦਹਾਕੇ ਬਾਅਦ 2005 ਵਿੱਚ ਨਿਊਯਾਰਕ ਵਿੱਚ ਸਮੀਖਿਆ ਕੀਤੀ ਗਈ ਸੀ। 26 ਨਵੰਬਰ, 2007 ਨੂੰ 20 ਫਰਵਰੀ ਨੂੰ ਸੰਯੁਕਤ ਰਾਸ਼ਟਰ ਦੁਆਰਾ ਸਮਾਜਿਕ ਨਿਆਂ ਦੇ ਸਾਲਾਨਾ ਵਿਸ਼ਵ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਸੀ। ਇਸ ਮੌਕੇ ਸੰਯੁਕਤ ਰਾਸ਼ਟਰ ਨੇ ਵਿਸ਼ੇਸ਼ ਤੋਰ ਤੇ ਕਿਹਾ ਕਿ ਇਸ ਦਿਵਸ ਤੇ ਅੰਤਰਰਾਸ਼ਟਰੀ ਸਮੁਦਾਇ ਨੂੰ ਗਰੀਬੀ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਸਭ ਲਈ ਯੋਗਤਾ ਅਨੁਸਾਰ ਕੰਮ ਅਤੇ ਰੋਜ਼ਗਾਰ ਉਪਲੱਬਦ ਹੋਣ ਨਾਲ ਹੀ ਸਮਾਜਿਕ ਨਿਆਂ ਸੰਭਬ ਹੋਵੇਗਾ। ਸੰਖੇਪ ਸ਼ਬਦਾਂ ਵਿੱਚ ਰੋਟੀ, ਕੱਪੜਾ, ਮਕਾਨ, ਸੁਰੱਖਿਆ, ਸਿਹਤ, ਸਿੱਖਿਆ, ਗਰੀਬੀ, ਬੇਰੋਜਗਾਰੀ, ਸਮਾਜਿਕ ਬਾਈਕਾਟ ਆਦਿ ਮੁੱਦਿਆਂ ਨੂੰ ਲੈਕੇ ਹੀ ਸਮਾਜਿਕ ਨਿਆਂ ਦਿਵਸ ਦੀ ਸ਼ੁਰੂਆਤ ਹੋਈ ਸੀ। ਅੰਤਰ-ਰਾਸ਼ਟਰੀ ਮਜਦੂਰ ਸੰਗਠਨ ਨੇ 10 ਜੂਨ 2008 ਨੂੰ ਇੱਕ ਨਿਰਪੱਖ ਵਿਸ਼ਵੀਕਰਨ ਲਈ ਸਮਾਜਿਕ ਨਿਆਂ ਬਾਰੇ ਆਈਐਲਓ ਘੋਸ਼ਣਾ ਨੂੰ ਸਰਬਸੰਮਤੀ ਨਾਲ ਅਪਣਾਇਆ। ਇਸਨੂੰ 20 ਫਰਵਰੀ ਨੂੰ ਸਮਾਜਿਕ ਨਿਆਂ ਦੇ ਵਿਸ਼ਵ ਦਿਵਸ ਵਜੋਂ ਮਨਾਉਣ ਦੀ ਤਜਵੀਜ਼ ਕਰਨ ਦਾ ਸਿਹਰਾ ਵੀ ਦਿੱਤਾ ਜਾਂਦਾ ਹੈ ਅਤੇ ਸਮਾਜਿਕ ਨਿਆਂ ਬਾਰੇ ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਘੋਸ਼ਣਾ ਪੱਤਰ ਨੂੰ ਅਪਣਾਇਆ ਜਾਂਦਾ ਹੈ। ਵਿਸ਼ਵ ਸੰਮੇਲਨ ਦੇ ਨੇਤਾਵਾਂ ਨੇ ਇਸ ਗੱਲ ਤੇ ਸਹਿਮਤੀ ਪ੍ਰਗਟਾਈ ਕਿ ਸਮਾਜਿਕ ਵਿਕਾਸ ਦਾ ਅਰਥ ਸਮਾਜਿਕ ਨਿਆਂ, ਏਕਤਾ, ਸਦਭਾਵਨਾ ਅਤੇ ਰਾਸ਼ਟਰਾਂ ਦੇ ਅੰਦਰ ਅਤੇ ਵਿਚਕਾਰ ਸਮਾਨਤਾ ਹੈ। ਇਸ ਦਿਨ ਦਾ ਉਦੇਸ਼ ਸਮਾਜਿਕ ਬੇਇਨਸਾਫ਼ੀ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨਾ ਅਤੇ ਵਿਸ਼ਵ ਭਰ ਵਿੱਚ ਸਮਾਜਿਕ ਨਿਆਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਦਿਨ ਦਾ ਉਦੇਸ਼ ਵਿਸ਼ਵ ਪੱਧਰ ਤੇ ਵੱਖ-ਵੱਖ ਭਾਈਚਾਰਿਆਂ ਨੂੰ ਨੇੜੇ ਲਿਆਉਣਾ ਹੈ ਜੋ ਗਰੀਬੀ, ਸ਼ਰੀਰਕ ਅਤੇ ਲਿੰਗ ਭੇਦਭਾਵ, ਨਸਲਵਾਦ, ਧਾਰਮਿਕ ਭੇ-ਦਭਾਵ, ਅਨਪੜ੍ਹਤਾ ਅਤੇ ਪੱਖਪਾਤ ਆਦਿ ਨੂੰ ਖਤਮ ਕਰਨ ਵਿੱਚ ਮਦਦ ਕਰ ਸਕਦੇ ਹਨ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਸਮਾਗਮਾਂ ਵਿੱਚ ਹਰ ਦੇਸ਼ ਅਪਣੇ ਆਪ ਨੂੰ ਸਮਾਜਿਕ ਨਿਆਂ ਦੇ ਮੁੱਦੇ ਤੇ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ। ਸਾਲ 2023 ਲਈ ਵਿਸ਼ਵ ਸਮਾਜਿਕ ਨਿਆਂ ਦਿਵਸ ਦਾ ਮੁੱਖ ਉਦੇਸ਼ "ਰੁਕਾਵਟਾਂ ਨੂੰ ਦੂਰ ਕਰਨਾ ਅਤੇ ਸਮਾਜਿਕ ਨਿਆਂ ਲਈ ਮੌਕੇ ਨੂੰ ਜਾਰੀ ਕਰਨਾ ਹੈ।" ਇਸ ਸਾਲ ਦਾ ਵਿਸ਼ਾ ਵਿਸ਼ਵ ਏਕਤਾ ਨੂੰ ਮਜ਼ਬੂਤ ਕਰਨ ਅਤੇ ਸਮਾਜਿਕ ਨਿਆਂ ਲਈ ਰੁਕਾਵਟਾਂ ਨੂੰ ਦੂਰ ਕਰਨ ਅਤੇ ਅਵਸਰਾਂ ਨੂੰ ਛੱਡਣਦੁਆਰਾ ਸਰਕਾਰ ਵਿੱਚ ਵਿਸ਼ਵਾਸ ਨੂੰ ਮੁੜ ਬਣਾਉਣ ਲਈ ਸਾਂਝੇ ਏਜੰਡੇ ਦੀਆਂ ਸਿਫ਼ਾਰਸ਼ਾਂ ਤੇ ਕੇਂਦਰਿਤ ਹੈ। ਇਸ ਲਈ 2023 ਦਾ ਸਮਾਜਿਕ ਨਿਆਂ ਦਾ ਵਿਸ਼ਵ ਦਿਵਸ ਮੈਂਬਰ ਰਾਜਾਂ, ਨੌਜਵਾਨਾਂ, ਸਮਾਜਿਕ ਭਾਈਵਾਲਾਂ, ਸਿਵਲ ਸੁਸਾਇਟੀ, ਸੰਯੁਕਤ ਰਾਸ਼ਟਰ ਸੰਸਥਾਵਾਂ ਅਤੇ ਹੋਰ ਹਿੱਸੇਦਾਰਾਂ ਨਾਲ ਸਮਾਜਿਕ ਇਕਰਾਰਨਾਮੇ ਨੂੰ ਮਜ਼ਬੂਤ ??ਕਰਨ ਲਈ ਲੋੜੀਂਦੀਆਂ ਕਾਰਵਾਈਆਂ ਤੇ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਜੋ ਵਧਦੀ ਅਸਮਾਨਤਾਵਾਂ ਅਤੇ ਟਕਰਾਅ ਕਾਰਨ ਟੁੱਟ ਗਿਆ ਹੈ। ਇਹ ਮਹੱਤਵਪੂਰਨ ਤਬਦੀਲੀਆਂ ਦੇ ਪਿਛੋਕੜ ਦੇ ਵਿਰੁੱਧ ਹੋਇਆ ਹੈ, ਜਿਵੇਂ ਕਿ, ਹੋਰ ਗੱਲਾਂ ਦੇ ਨਾਲ, ਵਿਸ਼ਵੀਕਰਨ ਅਤੇ ਤਕਨਾਲੋਜੀ ਨਾਲ ਜੁੜੀਆਂ ਅਰਥਵਿਵਸਥਾਵਾਂ ਵਿੱਚ ਵਧ ਰਹੇ ਰੁਕਾਵਟਾਂ, ਮਹੱਤਵਪੂਰਨ ਜਨਸੰਖਿਆ ਤਬਦੀਲੀਆਂ, ਵਧਦੇ ਪ੍ਰਵਾਸ ਪ੍ਰਵਾਹ ਅਤੇ ਕਮਜ਼ੋਰੀ ਦੀਆਂ ਲੰਮੀ ਸਥਿਤੀਆਂ। ਇਨ੍ਹਾਂ ਉਥਲ-ਪੁਥਲ ਤੋਂ ਕੰਮ ਦੀ ਦੁਨੀਆਂ ਨੂੰ ਵੀ ਬਖਸ਼ਿਆ ਨਹੀਂ ਗਿਆ। ਇਹਨਾਂ ਬਹੁਤ ਸਾਰੀਆਂ ਚੁਣੌਤੀਆਂ ਅਤੇ ਤਬਦੀਲੀਆਂ ਪ੍ਰਤੀ ਤਸੱਲੀਬਖਸ਼ ਜਵਾਬਾਂ ਦੀ ਸਮਝੀ ਗਈ ਘਾਟ ਨੇ ਬਹੁਤ ਸਾਰੇ ਦੇਸ਼ਾਂ ਵਿੱਚ ਸਥਾਪਤ ਸੰਸਥਾਵਾਂ ਅਤੇ ਜਨਤਕ ਜੀਵਨ ਦੇ ਅਦਾਕਾਰਾਂ ਪ੍ਰਤੀ ਵਧ ਰਹੀ ਅਸੰਤੁਸ਼ਟੀ ਅਤੇ ਅਵਿਸ਼ਵਾਸ ਵੱਲ ਅਗਵਾਈ ਕੀਤੀ ਹੈ। ਇਸ ਗੁੰਝਲਦਾਰ ਸਥਿਤੀ ਦਾ ਸਾਹਮਣਾ ਕਰਦੇ ਹੋਏ ਬਹੁਪੱਖੀ ਪ੍ਰਣਾਲੀ ਨੇ ਬਦਲਦੇ ਵਾਤਾਵਰਣ ਦੇ ਅਨੁਕੂਲ ਹੋਣ ਅਤੇ ਦੁਨੀਆ ਦੀਆਂ ਬਹੁਤ ਸਾਰੀਆਂ ਚੁਣੌਤੀਆਂ ਲਈ ਠੋਸ ਅਤੇ ਤਾਲਮੇਲ ਵਾਲੇ ਜਵਾਬ ਪ੍ਰਦਾਨ ਕਰਨ ਲਈ ਵੀ ਸੰਘਰਸ਼ ਕੀਤਾ ਹੈ। ਅੰਤਰ-ਰਾਸ਼ਟਰੀ ਵਚਨਬੱਧਤਾਵਾਂ ਅਤੇ ਠੋਸ ਪ੍ਰਾਪਤੀਆਂ ਵਿਚਕਾਰ ਵਧ ਰਹੇ ਪਾੜੇ ਨੇ ਬਹੁ-ਪੱਖੀ ਕਾਰਵਾਈਆਂ ਅਤੇ ਇਸਦੀ ਭਰੋਸੇਯੋਗਤਾ ਨੂੰ ਕਮਜ਼ੋਰ ਕਰ ਦਿੱਤਾ ਹੈ ਜਿਸਦੇ ਨਤੀਜੇ ਵਜੋਂ ਖੁੱਲ੍ਹੀ ਆਲੋਚਨਾ ਅਤੇ ਅਣਗਹਿਲੀ ਹੁੰਦੀ ਹੈ। ਪਹਿਲਾਂ ਨਾਲੋਂ ਕਿਤੇ ਵੱਧ, ਬਹੁ-ਪੱਖੀ ਪ੍ਰਣਾਲੀ ਲਈ ਲੋਕਾਂ ਦੀਆਂ ਰੋਜ਼ਾਨਾ ਸਮੱਸਿਆਵਾਂ ਦੇ ਹੱਲ ਲਈ ਪ੍ਰਦਾਨ ਕਰਨਾ ਅਤੇ ਯੋਗਦਾਨ ਪਾਉਣਾ ਅਤੇ ਅਜਿਹਾ ਵਧੇਰੇ ਕੁਸ਼ਲ ਅਤੇ ਇਕਸਾਰ ਤਰੀਕੇ ਨਾਲ ਕਰਨਾ ਜ਼ਰੂਰੀ ਹੈ। ਸੰਯੁਕਤ ਰਾਸ਼ਟਰ (ਯੂ.ਐਨ.) ਦੇ ਸਕੱਤਰ-ਜਨਰਲ ਸਮੇਤ ਬਹੁਤ ਸਾਰੇ ਲੋਕਾਂ ਦੁਆਰਾ ਤਤਕਾਲਤਾ ਦੀ ਇਹ ਭਾਵਨਾ ਸਾਂਝੀ ਕੀਤੀ ਗਈ ਹੈ ਜਿਸਨੇ ਆਪਣੀ ਰਿ-ਪੋਰਟ "ਸਾਡਾ ਸਾਂਝਾ ਏਜੰਡਾ" ਵਿੱਚ ਅੱਜ ਦੇ ਵਧ ਰਹੇ ਪਾੜੇ ਦੇ ਵਿਰੁੱਧ ਚੇਤਾਵਨੀ ਦਿੱਤੀ ਹੈ ਅਤੇ ਇੱਕ ਵਧੇਰੇ ਸਮਾਵੇਸ਼ੀ ਅਤੇ ਨੈੱਟਵਰਕ ਵਾਲੇ ਬਹੁਪੱਖੀਵਾਦ ਨੂੰ ਮੁੜ ਗਲੇ ਲਗਾਉਣ ਦੀ ਮੰਗ ਕੀਤੀ ਹੈ। ਵਿਸ਼ਵਵਿਆਪੀ ਏਕਤਾ ਅਤੇ ਸਰਕਾਰਾਂ, ਲੋਕਾਂ ਅਤੇ ਸਮਾਜਾਂ ਦੇ ਅੰਦਰ ਸਮਾਜਿਕ ਇਕਰਾਰਨਾਮੇ ਦਾ ਨਵੀਨੀਕਰਨ, ਮਨੁੱਖੀ ਅਧਿਕਾਰਾਂ ਲਈ ਇੱਕ ਵਿਆਪਕ ਪਹੁੰਚ ਵਿੱਚ ਸ਼ਾਮਿਲ ਕੀਤਾ ਗਿਆ ਹੈ। ਰਸਮੀ ਰੋਜਗਾਰ ਦੁਆਰਾ ਸਮਾਜਿਕ ਨਿਆਂ ਪ੍ਰਾਪਤ ਕਰਨਾ ਹੈ। ਸੰਯੁਕਤ ਰਾਸ਼ਟਰ ਦੀ ਵੈੱਬਸਾਈਟ ਦੁਆਰਾ ਜਾਰੀ ਕੀਤੇ ਗਏ ਉਦੇਸ਼ਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਵਿਸ਼ਵ ਦੇ 20ਗ ਕਾਮੇ ਅਜੇ ਵੀ ਇੱਕ ਮੱਧਮ ਜਾਂ ਬਹੁਤ ਗਰੀਬ ਰਾਜ ਵਿੱਚ ਰਹਿੰਦੇ ਹਨ ਅਤੇ ਭੂਗੋਲਿਕ ਅਸਮਾਨਤਾਵਾਂ ਅਜੇ ਵੀ ਗਰੀਬ ਕਾਮਿਆਂ ਦੀ ਇੱਕ ਵਧੀਆ ਨੌਕਰੀ ਤੱਕ ਪਹੁੰਚ ਕਰਨ ਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਹੈ। ਇਹ ਵੀ ਦਾਅਵਾ ਹੈ ਕਿ ਰੁਕੀ ਹੋਈ ਉਜਰਤ ਅਤੇ ਲਿੰਗ ਅਸਮਾਨਤਾ ਗਰੀਬ ਕਾਮਿਆਂ ਲਈ ਆਰਥਿਕ ਵਿਕਾਸ ਤੋਂ ਲਾਭ ਲੈਣ ਵਿੱਚ ਇੱਕ ਵੱਡੀ ਰੁਕਾਵਟ ਬਣ ਗਈ ਹੈ। ਅੰਤਰਰਾਸ਼ਟਰੀ ਅਸਮਾਨਤਾਵਾਂ ਸਮਾਜਿਕ ਏਕਤਾ ਨੂੰ ਕਮਜ਼ੋਰ ਕਰਨ ਦਾ ਕਾਰਨ ਬਣ ਜਾਂਦੀਆਂ ਹਨ ਜੋ ਆਖਰਕਾਰ ਲੋਕਾਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰਨ ਤੋਂ ਰੋਕਦੀਆਂ ਹਨ। ਸਿੱਟੇ ਵਜੋਂ ਦੇਸ਼ਾਂ ਦੀ ਆਰਥਿਕਤਾ ਬੋਝ ਅਤੇ ਵਿਕਾਸ ਵਿੱਚ ਸੁਸਤ ਹੋ ਜਾਂਦੀ ਹੈ। ਸੰਯੁਕਤ ਰਾਸ਼ਟਰ ਦੇ ਰਜਿਸਟਰ ਵਿਚ ਲਿਖਿਆ ਹੈ ਕਿ ਵਿਸ਼ਵ ਪੱਧਰ ਤੇ ਅਸਮਾਨਤਾਵਾਂ ਨੂੰ ਘਟਾਉਣ ਦੀ ਲੋੜ ਹੈ। ਸੰਸਾਰ ਦੇ ਕਈ ਹਿੱਸਿਆਂ ਵਿੱਚ ਦੇਸ਼ਾਂ ਦੇ ਅੰਦਰ ਅਤੇ ਵਿਚਕਾਰ ਗਰੀਬੀ ਅਤੇ ਅਸਮਾਨਤਾਵਾਂ ਵਧ ਰਹੀਆਂ ਹਨ। ਪਿਛਲੇ ਕੁੱਝ ਸਾਲਾਂ ਦੇ ਆਰਥਿਕ ਅਤੇ ਸਮਾਜਕ ਸੰਕਟ ਕੋਵਿਡ-19 ਮਹਾਂਮਾਰੀ, ਜਲਵਾਯੂ ਪਰਿਵਰਤਨ, ਭੂ-ਰਾਜਨੀਤਿਕ ਤਣਾਅ ਅਤੇ ਹਥਿਆਰਬੰਦ ਟਕਰਾਵਾਂ ਦੇ ਤੇਜ਼ ਹੋਣ ਕਾਰਨ ਕੁਦਰਤੀ ਆਫ਼ਤਾਂ ਦੇ ਸਿੱਟੇ ਵਜੋਂ ਵਧੇ ਹੋਏ ਹਨ। ਉਹਨਾਂ ਨਾਲ ਜੁੜੀਆਂ ਮਨੁੱਖੀ ਤ੍ਰਾਸਦੀਆਂ ਅਤੇ ਕੰਮ ਤੇ ਉਹਨਾਂ ਦੇ ਪ੍ਰਭਾਵ ਵਧੇ ਹਨ। ਇਹਨਾਂ ਸੰਕਟਾਂ ਨੇ ਦੁਨੀਆ ਭਰ ਦੀਆਂ ਅਰਥ ਵਿਵਸਥਾਵਾਂ ਅਤੇ ਸਮਾਜਾਂ ਦੇ ਆਪਸੀ ਸਬੰਧਾਂ ਅਤੇ ਨਿਰਭਰਤਾਵਾਂ ਨੂੰ ਉਜਾਗਰ ਕੀਤਾ ਹੈ ਅਤੇ ਵਿਸ਼ਵ, ਖੇਤਰੀ ਅਤੇ ਰਾਸ਼ਟਰੀ ਪੱਧਰ ਤੇ ਉਹਨਾਂ ਦਾ ਜਵਾਬ ਦੇਣ ਲਈ ਠੋਸ ਕਾਰਵਾਈ ਦੀ ਅਹਿਮ ਲੋੜ ਨੂੰ ਦਰਸਾਇਆ ਹੈ। ਸਮਾਜਿਕ ਨਿਆਂ ਸਮਾਜਾਂ ਅਤੇ ਅਰਥਚਾਰਿਆਂ ਨੂੰ ਬਿਹਤਰ ਢੰਗ ਨਾਲ ਕੰਮ ਕਰਨ ਅਤੇ ਗਰੀਬੀ, ਅਸਮਾਨਤਾਵਾਂ ਅਤੇ ਸਮਾਜਿਕ ਤਣਾਅ ਨੂੰ ਘਟਾਉਂਦਾ ਹੈ। ਇਹ 2030 ਦੇ ਟਿਕਾਊ ਵਿਕਾਸ ਦੇ ਏਜੰਡੇ ਦੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਤੱਕ ਪਹੁੰਚਣ ਲਈ ਮਹੱਤਵਪੂਰਨ ਹੈ। ਸਮਾਜਿਕ ਸਮੱਸਿਆਵਾਂ ਵਿੱਚ ਘਿਰੇ ਲੋਕਾਂ ਲਈ ਸਮਾਜਿਕ ਨਿਆਂ ਸਿਰਫ ਇੱਕ ਸੁਪਨਾ ਬਣਕੇ ਰਹਿ ਗਿਆ ਹੈ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਮੇ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾਂ ਬਣ ਰਹੀਆਂ ਸਮੱਸਿਆਵਾਂ ਵੱਲ ਲੋਕਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੰਮ ਕੀਤਾ ਹੈ। ਸਾਡਾ ਦੇਸ਼ ਜੋਕਿ ਇੱਕ ਵੱਡਾ ਲੋਕਤੰਤਰਿਕ ਦੇਸ਼ ਹੈ ਵਿੱਚ ਸਮਾਜਿਕ ਢਾਂਚਾ ਇਸ ਤਰਾਂ ਦਾ ਹੈ ਕਿ ਕਈ ਵਰਗਾਂ ਦੇ ਲੋਕ ਸਮਾਜਿਕ ਅਨਿਆਂ ਦੇ ਸ਼ਿਕਾਰ ਹੋ ਰਹੇ ਹਨ। ਅਜਾਦੀ ਦੇ ਸੱਤ ਦਹਾਕੇ ਬੀਤਣ ਦੇ ਬਾਬਜੂਦ ਬਹੁਤੇ ਲੋਕ ਗਰੀਬੀ, ਅਸਿੱਖਿਆ, ਕੁਪੋਸ਼ਣ, ਹਿੰਸਾ, ਅਸੁਰਖਿੱਆ, ਸਮਾਜਿਕ ਅਤੇ ਧਾਰਮਿਕ ਭੇਦਭਾਵ ਦਾ ਸ਼ਿਕਾਰ ਹੋ ਰਹੇ ਹਨ। ਸਾਡੇ ਦੇਸ਼ ਦੇ ਕਈ ਹਿਸਿੱਆਂ ਵਿੱਚ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਤੇ ਹੋ ਰਹੇ ਹਮਲੇ, ਮਹਿਲਾਵਾਂ ਨਾਲ ਹੋ ਰਿਹਾ ਵਿਤਕਰਾ ਅਤੇ ਵਾਪਰਦੀਆਂ ਅਤਿੱਆਚਾਰ ਦੀਆਂ ਘਟਨਾਵਾਂ ਸਮਾਜਿਕ ਨਿਆਂ ਦੇ ਰਾਹ ਵਿੱਚ ਰੋੜ੍ਹਾ ਹਨ। ਸਾਡੇ ਦੇਸ਼ ਵਿੱਚ ਵੀ ਸਮੇਂ ਸਮੇਂ ਤੇ ਸਮਾਜ ਦੇ ਰਹਿਵਰਾਂ ਨੇ ਸਮਾਜ ਵਿੱਚ ਫੈਲੀਆਂ ਸਮਾਜਿਕ ਕੁਰੀਤੀਆਂ ਅਤੇ ਗੈਰ ਬਰਾਬਰੀ ਕਾਰਨ ਵੱਧ ਰਹੇ ਸਮਾਜਿਕ ਅਨਿਆਂ ਦਾ ਡਟਕੇ ਵਿਰੋਧ ਕੀਤਾ ਹੈ। ਸਾਡੇ ਦੇਸ਼ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰਤਾ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ, ਜਾਤਿ, ਲਿੰਗ, ਜਨਮ ਸਥਾਨ ਆਦਿ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ ਪਰ ਕੁੱਝ ਲੋਕ ਭਾਰਤੀ ਸੰਵਿਧਾਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ ਜਿਸ ਕਾਰਨ ਸਾਡੇ ਦੇਸ਼ ਵਿੱਚ ਫੈਲੀ ਜਾਤਿ ਪ੍ਰਥਾ, ਧਾਰਮਿਕ ਵੰਡ ਕਾਰਨ ਸਮਾਜਿਕ ਅਨਿਆਂ ਅਤੇ ਨਾਂ ਬਰਾਬਰੀ ਵਧ ਰਹੀ ਹੈ। ਬੇਸ਼ੱਕ ਇੱਕ ਪਾਸੇ ਦੁਨੀਆਂ ਦੇ ਅਮੀਰ ਲੋਕਾਂ ਵਿੱਚ ਕੁੱਝ ਭਾਰਤੀਆਂ ਦੇ ਨਾਮ ਸ਼ਾਮਲ ਹੋ ਚੁੱਕੇ ਹਨ ਜੋਕਿ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ ਪਰ ਦੂਜੇ ਪਾਸੇ ਗਰੀਬੀ, ਭੁੱਖਮਰੀ, ਇਲਾਜ਼ ਤੋਂ ਬਿਨ੍ਹਾਂ ਤੜਫਦੇ ਮਰੀਜ਼, ਛੱਤ ਬਿਨ੍ਹਾਂ ਰਾਤਾਂ ਕੱਟਦੇ ਲੋਕ, ਸਿੱਖਿਆਂ ਤੋਂ ਬਾਂਝੇ ਬੱਚੇ, ਕੁਪੋਸ਼ਣ ਦਾ ਸ਼ਿਕਾਰ ਬੱਚੇ, ਮੁੱਢਲੀਆਂ ਜਰੂਰਤਾਂ ਲਈ ਜਿਸਮਫਰੋਸ਼ੀ ਦਾ ਧੰਦਾ ਕਰਦੀਆਂ ਦੇਸ਼ ਦੀਆਂ ਮਹਿਲਾਵਾਂ, ਬਾਲ ਮਜ਼ਦੂਰ, ਬਾਲ ਵਿਆਹ ਦੀ ਕੁਪ੍ਰਥਾ ਦਾ ਸ਼ਿਕਾਰ ਹੋ ਰਹੇ ਬੱਚੇ, ਬਲਾਤਕਾਰ ਦੀਆਂ ਵੱਧ ਰਹੀਆਂ ਘਟਨਾਵਾਂ, ਦਾਜ ਦਾ ਸ਼ਿਕਾਰ ਹੋ ਰਹੀਆਂ ਮਹਿਲਾਵਾਂ, ਇਨਸਾਫ ਦੀ ਲੰਬੀ ਉਡੀਕ ਵਿੱਚ ਬੈਠੇ ਲੋਕ ਸਮਾਜ ਨੂੰ ਝੰਜੋੜਕੇ ਰੱਖਦੇ ਹਨ ਅਤੇ ਸਮਾਜਿਕ ਨਿਆਂ ਦਾ ਮਜਾਕ ਉਡਾਂਉਦੇ ਨਜਰ ਆਂਦੇ ਹਨ। ਪਿਛਲੇ ਕੁੱਝ ਸਾਲਾਂ ਦੌਰਾਨ ਹੀ ਇੱਕ ਫਿਰਕੇ ਵਲੋਂ ਸਮਾਜ ਦੇ ਕੁੱਝ ਵਰਗਾਂ ਨਾਲ ਸਰਕਾਰ ਅਤੇ ਕੁੱਝ ਰਾਜਨੀਤੀਵਾਨਾਂ ਦੀ ਸ਼ਹਿ ਤੇ ਪੱਖਪਾਤ ਅਤੇ ਅਤਿਆਚਾਰ ਕੀਤੇ ਜਾ ਰਹੇ ਹਨ ਜਿਸ ਕਾਰਨ ਦੇਸ਼ ਵਿੱਚ ਅਰਾਜਕਤਾ ਦਾ ਮਾਹੋਲ ਪੈਦਾ ਹੋ ਰਿਹਾ ਹੈ ਅਤੇ ਕਈ ਵਰਗਾਂ ਵਿੱਚ ਸੁਰੱਖਿਆ ਦੀ ਥਾਂ ਡਰ ਦੀ ਭਾਵਨਾ ਵੱਧੀ ਹੈ। ਪਿਛਲੇ ਸਮੇਂ ਦੌਰਾਨ ਕਈ ਸੰਵਿਧਾਨਕ ਸੰਸਥਾਵਾਂ ਜਿਨ੍ਹਾਂ ਵਿੱਚ ਮਾਣਯੋਗ ਸੁਪਰੀਮ ਕੌਰਟ ਦੇ ਜੱਜ, ਦੇਸ਼ ਦੇ ਲੇਖਕ, ਬੁੱਧੀਜੀਵੀ, ਮੀਡੀਆ ਨਾਲ ਜੁੜ੍ਹੇ ਵਿਅਕਤੀਆਂ, ਫਿਲਮੀ ਕਲਾਕਰ, ਸਰਕਾਰੀ ਅਧਿਕਾਰੀਆਂ, ਵਿਦਿੱਅਕ ਅਦਾਰਿਆਂ ਦੇ ਅਧਿਆਪਕਾਂ ਆਦਿ ਵਲੋਂ ਰਾਜਨੀਤਿਕ ਦਬਾਓ ਦੇ ਵਿਰੋਧ ਵਿੱਚ ਖੁੱਲਕੇ ਸਾਹਮਣੇ ਆਣਾ ਸਮਾਜਿਕ ਨਿਆਂ ਦੀ ਖਸਤਾ ਹਾਲਤ ਬਿਆਨ ਕਰਦੀ ਹੈ। ਬਹੁਤੇ ਲੋਕਾਂ ਦੀ ਮਹੱਤਤਾ ਜਾਨਵਰਾਂ ਤੋਂ ਵੀ ਘੱਟ ਹੈ ਅਤ ਧਰਮ, ਜਾਤ, ਲਿੰਗ ਅਧਾਰ ਤੇ ਕਈ ਸਰਵਜਨਿਕ ਸਥਾਨਾਂ ਤੇ ਅਜ਼ਾਦੀ ਦੇ ਸੱਤ ਦਹਾਕਿਆਂ ਬਾਦ ਵੀ ਸ਼ੂਦਰਾਂ ਅਤੇ ਮਹਿਲਾਵਾਂ ਦੇ ਦਾਖਲੇ ਦੀ ਮਨਾਹੀ ਵਰਗੀਆਂ ਘਟਨਾਵਾਂ ਸਮਾਜਿਕ ਨਿਆਂ ਦਾ ਮੂੰਹ ਚਿੜਾਉਂਦੀਆਂ ਹਨ। ਸਾਡੇ ਦੇਸ਼ ਦਾ ਨਿਆਇਕ ਢਾਂਚਾ ਜੋਕਿ ਬਹੁਤ ਹੀ ਲਚਕੀਲਾ ਅਤੇ ਖਰਚੀਲਾ ਹੈ ਅਤੇ ਬਹੁਤ ਸਮਾਂ ਲੈਂਦਾ ਹੈ ਕਾਰਨ ਬਹੁਤੇ ਸਾਧਨਹੀਣ ਲੋਕ ਇਨਸਾਫ ਲੈਣ ਲਈ ਤੜਫਦੇ ਰਹਿੰਦੇ ਹਨ ਜਦਕਿ ਸਾਧਨ ਸੰਪਨ ਲੋਕ ਇਸਦਾ ਦੁਰਉਪਯੋਗ ਕਰਦੇ ਹਨ ਅਤੇ ਕਨੂੰਨ ਨੂੰ ਟਿੱਚ ਸਮਝਦੇ ਹਨ। ਬਹੁਤੇ ਥਾਵਾਂ ਤੇ ਨਾਗਰਿਕਾਂ ਦੀ ਰੱਖਿਆ ਕਰਨ ਵਾਲੀ ਪੁਲਿਸ ਹੀ ਅਪਣੇ ਦੇਸ਼ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਿੱਚ ਮੋਹਰੀ ਰਹਿੰਦੀ ਹੈ ਅਤੇ ਇਸ ਵਿੱਚ ਕਈ ਵਾਰ ਸਾਡੇ ਦੇਸ਼ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨੇਤਾ ਵੀ ਹੱਲਾ ਸ਼ੇਰੀ ਦਿੰਦੇ ਹਨ। ਸਰਕਾਰ ਵਲੋਂ ਲਿਤਾੜ੍ਹੇ ਅਤੇ ਪੱਛੜ੍ਹੇ ਵਰਗਾਂ ਨੂੰ ਸਮਾਜਿਕ ਨਿਆਂ ਦੇਣ ਲਈ ਬੇਸ਼ੱਕ ਵੱਖ ਵੱਖ ਸੰਗਠਨ ਸਥਾਪਿਤ ਕੀਤੇ ਗਏ ਹਨ ਪਰੰਤੂ ਇਨ੍ਹਾਂ ਤੇ ਰਾਜਨੀਤਿਕ ਪ੍ਰਭਾਵ ਹੋਣ ਕਾਰਨ ਇਹ ਅਪਣੇ ਮੰਤਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਰਹੇ ਹਨ ਜਿਸ ਕਾਰਨ ਅੱਜ ਵੀ ਦੇਸ਼ ਦੇ ਕਈ ਭਾਗਾਂ ਵਿੱਚ ਸਮਾਜਿਕ ਅਨਿਆਂ ਤੋਂ ਦੁਖੀ ਲੋਕ ਨਿਆਂ ਪਾਣ ਲਈ ਕਈ ਗੈਰ ਕਨੂੰਨੀ ਢੰਗ ਅਪਣਾ ਰਹੇ ਹਨ ਅਤੇ ਦੇਸ਼ ਵਿੱਚ ਹਾਲਾਤ ਵਿਗੜ ਰਹੇ ਹਨ। ਅੱਜ ਵਿਸ਼ਵ ਨਿਆਂ ਦਿਵਸ ਮੌਕੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਸਮਾਜਿਕ ਨਿਆਂ ਸਬੰਧੀ ਸਮਾਗਮ ਕੀਤੇ ਜਾ ਰਹੇ ਹਨ ਪਰ ਸਮਾਜਿਕ ਨਿਆਂ ਦੀ ਖਸਤਾ ਹਾਲਤ ਨੂੰ ਵੇਖਕੇ ਲੱਗਦਾ ਹੈ ਕਿ ਸਾਡੇ ਦੇਸ਼ ਵਿੱਚ ਸਮਾਜਿਕ ਨਿਆਂ ਲਈ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ।




## ਫਿਰ ਸੁਖ ਵੇਲੇ ਕਿਉਂ ਵਿਸਾਰ ਜਾਨੇ ਆਂ

ਕੁਝ ਕਿਹਾ ਵੀ ਨਹੀਂ ਜਾਂਦਾ,
ਪਰ ਰਿਹਾ ਵੀ ਨਹੀਂ ਜਾਂਦਾ,
ਤੇਰੇ ਤੋਂ ਅਸੀਂ ਬਲਿਹਾਰ ਜਾਨੇ ਆਂ,
ਫਿਰ ਸੁਖ ਵੇਲੇ ਕਿਉਂ ਵਿਸਾਰ ਜਾਨੇ ਆਂ।

ਤੂੰ ਤਾਂ ਕਰੇਂ ਇੱਛਾ ਪੂਰੀ,
ਲਵੇਂ ਕੋਈ ਨਾ ਮਜੂਰੀ,
ਸਾਰੇ ਕਰੀਂ ਦਿਲੋਂ ਸਤਿਕਾਰ ਜਾਨੇ ਆਂ
ਫਿਰ ਸੁਖ ਵੇਲੇ ਤੈਨੂੰ ਕਿਉਂ ...।

ਤੂੰ ਤਾਂ ਸਭਨਾਂ ਦਾ ਦਾਤਾ
ਤੇਰੇ ਘਰ ਨਾ ਕੋਈ ਘਾਟਾ
ਗੁਣਾਂ ਤੇਰਿਆਂ ਨੂੰ ਕਿਉਂ ਨਾਕਾਰ ਜਾਨੇ ਆਂ
ਫਿਰ ਸੁਖ ਵੇਲੇ ਕਿਉਂ ....।

ਤੂੰ ਤਾਂ ਗੁਰੂ-ਗਰੀਬ ਨਿਵਾਜ,
ਠੀਕ ਕਰੇਂ ਸਭ ਦੇ ਕਾਜ,
ਅੰਮ੍ਰਿਤ ਛੱਡ ਕੇ ਬਿਖ ਡਕਾਰ ਜਾਨੇ ਆਂ,
ਫਿਰ ਸੁਖ ਵੇਲੇ ਤੈਨੂੰ ਕਿਉਂ ਵਿਸਾਰ ਜਾਨੇ ਆਂ।

**– ਸੁਖਚਰਨ ਸਿੰਘ 'ਸਾਹੋਕੇ'**



# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਮੂਹ ਸੰਗਤਾਂ ਵੱਲੋਂ ਪੂਰੀ ਸ਼ਰਧਾ ਨਾਲ ਮਨਾਇਆ

**ਪਿਟਸਬਰਗ–** ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। 3 ਫਰਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ।

4 ਫਰਵਰੀ ਦਿਨ ਸ਼ਨੀਵਾਰ ਨੂੰ ਸਵੇਰੇ 7 ਵਜੇ ਪ੍ਰਭਾਤ ਫੇਰੀ ਗੁਰੂ ਚਰਨਾਂ ਵਿਚ ਅਰਦਾਸ ਕਰਕੇ ਆਰੰਭ ਹੋਈ, ਜਿਸ ਮੌਕੇ ਦੂਰੋਂ-ਨੇੜਿਉਂ ਸੰਗਤਾਂ ਹੁੰਮ ਹੁੰਮਾ ਕੇ ਪਹੁੰਚੀਆਂ। 11 ਵਜੇ ਬਲਬੀਰ ਬਾਘਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਨਿਸ਼ਾਨ ਸਾਹਿਬ ਜੀ ਦੇ ਚੌਲੇ ਦੀ ਸੇਵਾ ਕੀਤੀ ਗਈ ਅਤੇ ਗੁਰੂ ਘਰ ਦੇ ਭਾਈ ਸਾਹਿਬ, ਭਾਈ ਬਲਵਿੰਦਰ ਸਿੰਘ ਜੀ ਦੇ ਰਾਗੀ ਜਥੇ ਵੱਲੋਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

4 ਫਰਵਰੀ ਸ਼ਾਮੀ 6 ਵਜੇ ਗੁਰੂ ਘਰ ਵਿਖੇ ਦੀਵਾਨ ਸਜਾਏ ਗਏ, ਜਿਸ ਵਿਚ ਪੰਜਾਬੀ ਸਕੂਲ ਦੇ ਬੱਚਿਆਂ ਨੇ ਜਿਵੇਂ ਹਰਕਬੀਰ ਸਿੰਘ ਘੂਰਾ, ਆਇਸ਼ਾ ਪਾਲ, ਲਿਆਨਾ ਪਾਲ, ਨੋਰਾ ਜੱਗੀ, ਐਮਾ ਜੱਗੀ, ਐਲਿਸਾ ਸਰੋਇਆ, ਅਨਹਦ ਸਿੰਘ, ਅਵਨੀਤ ਕੌਰ, ਵੈਰੋਨਿਲਾ ਸੂਦ, ਅਰੁਨ ਸੂਦ, ਸੁਲਤਾਨ ਸਿੰਘ, ਮਾਨਵੀ ਰਵਿੰਦਰ, ਸੋਨਮ ਰਵਿੰਦਰ ਅਤੇ ਉਹਨਾਂ ਦੇ ਸਤਿਕਾਰਯੋਗ ਅਤੇ ਅਧਿਆਪਕ ਰਵਨੀਤ ਕੌਰ ਘੂਰਾ, ਨਵਦੀਪ ਕੌਰ ਨੇ ਕੀਰਤਨ ਦੁਆਰਾ ਹਾਜ਼ਰੀ ਲਗਵਾਈ ਅਤੇ ਉਪਰੰਤ ਭਾਈ ਸੁਬੇਗ ਸਿੰਘ ਜੀ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਭਾਈ ਬਲਵਿੰਦਰ ਸਿੰਘ ਜੀ ਦੇ ਹਜ਼ੂਰੀ ਰਾਗੀ ਜਥੇ ਨੇ ਸੰਗਤਾਂ ਨੂੰ ਕਥਾ ਕੀਰਤਨ ਅਤੇ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਪਰੰਤ ਬੀਬੀ ਕਮਲਜੀਤ ਕੌਰ ਜੀ ਭਾਟੀਆ ਨੇ ਇਕ ਸ਼ਬਦ ਦੀ ਹਾਜ਼ਰੀ ਲਗਵਾਈ।

5 ਫਰਵਰੀ ਦਿਨ ਐਤਵਾਰ ਨੂੰ 10 ਵਜੇ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਬਾਅਦ ਵਿਚ ਢਾਡੀ ਜਥੇ ਭਾਈ ਸੁਖਵਿੰਦਰ ਸਿੰਘ ਬਿਲਗੇ ਵਾਲਿਆਂ ਨੇ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕੀਤਾ। ਦੂਰੋਂ-ਨੇੜਿਉਂ ਇਕੱਤਰ ਹੋਈਆਂ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਦਾ ਲਾਹਾ ਖੱਟਿਆ।

ਸੈਨਫਰਾਂਸਿਸਕੋ ਵਿਖੇ ਭਾਰਤੀ ਸਫਾਰਤਖਾਨਾ ਤੋਂ ਉਚੇਚੇ ਤੌਰ 'ਤੇ ਮਾਣਯੋਗ ਕੌਂਸਲ ਸ੍ਰੀ ਜਸਵੰਤ ਸਿੰਘ ਜੀ ਇਸ ਮੌਕੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਅਧਿਕਾਰਿਤ ਤੌਰ 'ਤੇ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਦਿਲੀ ਹਾਰਦਿਕ ਵਧਾਈਆਂ ਦਿੱਤੀਆਂ ਅਤੇ ਉਹਨਾਂ ਕਿਹਾ ਕਿ ਸਾਨੂੰ ਗੁਰੂ ਮਹਾਰਾਜ ਦੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦਾ ਹੈ। ਖਾਸ ਕਰਕੇ ਪੜ੍ਹਾਈ 'ਤੇ ਉਚੇਚਾ ਧਿਆਨ ਦੇਣ ਲਈ ਕਿਹਾ। ਉਹਨਾਂ ਇਹ ਵੀ ਕਿਹਾ ਕਿ ਮਾਣਯੋਗ ਕੌਂਸਲ ਜਨਰਲ ਡਾ. ਟੀ. ਵੀ. ਨਗੇਂਦਰਾ ਪ੍ਰਸਾਦ ਜੀ ਕੁਝ ਖਾਸ ਰੁਝੇਵਿਆਂ ਕਾਰਨ ਨਹੀਂ ਆ ਸਕੇ। ਕਮੇਟੀ ਵੱਲੋਂ ਸ੍ਰੀ ਜਸਵੰਤ ਸਿੰਘ ਦਾ ਸਨਮਾਨ ਕੀਤਾ ਗਿਆ।

ਤਿੰਨੋ ਦਿਨ ਗੁਰੂ ਘਰ ਵਿਖੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਸੰਗਤਾਂ ਵੱਲੋਂ ਗੁਰੂ ਘਰ ਵਿਖੇ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਦੇ ਸਟਾਲ ਲਗਾਏ ਗਏ, ਜਿਸ ਦਾ ਸੰਗਤਾਂ ਨੇ ਬਹੁਤ ਆਨੰਦ ਮਾਣਿਆ। ਅਖੀਰ ਵਿਚ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਨੇ ਪਹੁੰਚੀਆਂ ਸੰਗਤਾਂ ਦਾ ਬਹੁਤ ਧੰਨਵਾਦ ਕੀਤਾ।














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ)




# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ
# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਮੂਹ ਸੰਗਤਾਂ ਵੱਲੋਂ ਪੂਰੀ ਸ਼ਰਧਾ ਨਾਲ ਮਨਾਇਆ






















# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ
# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਮੂਹ ਸੰਗਤਾਂ ਵੱਲੋਂ ਪੂਰੀ ਸ਼ਰਧਾ ਨਾਲ ਮਨਾਇਆ


























# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ
## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਮੂਹ ਸੰਗਤਾਂ ਵੱਲੋਂ ਪੂਰੀ ਸ਼ਰਧਾ ਨਾਲ ਮਨਾਇਆ

















'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਮੂਹ ਸੰਗਤਾਂ ਵੱਲੋਂ ਪੂਰੀ ਸ਼ਰਧਾ ਨਾਲ ਮਨਾਇਆ





















# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ
# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਮੂਹ ਸੰਗਤਾਂ ਵੱਲੋਂ ਪੂਰੀ ਸ਼ਰਧਾ ਨਾਲ ਮਨਾਇਆ






















Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailer Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust